


ਹੱਕ ਸੱਚ ਦੀ ਆਵਾਜ਼

# ਫਤਿਹ ਟਾਈਮਜ਼

ਰੋਜ਼ਾਨਾ ਡਿਜੀਟਲ ਐਡੀਸ਼ਨ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ।।



ਮੁੱਖ ਸੰਪਾਦਕ
ਸਰਬਜੋਤ ਸਿੰਘ ਖਾਲਸਾ

ਮੁੱਖ ਸੰਪਾਦਕ ਸਰਬਜੋਤ ਸਿੰਘ ਖਾਲਸਾ www.fatehtimesmedia.com Email- fatehtimes1699@gmail.com

ਰਜਿ ਨੰ : ਪੀ ਬੀ 22000167 ਫਤਿਹਾਬਾਦ , ਮੰਗਲਵਾਰ 13 ਮਈ 2025, ਨਾਨਕਸ਼ਾਹੀ 31 ਵੈਸਾਖ , ਸੰਮਤ 557 ਸਾਲ: 4, ਅੰਕ 89, ਪੰਨੇ: 4, ਮੁੱਲ: 4 ਰੁਪਏ

## ਹਿੰਦ-ਪਾਕਿ ਦੇ ਹਾਕਮੋਂ ਜੰਗ ਰਾਂਹੀ ਨਿਰਦੋਸ਼ਾਂ ਦਾ ਕਤਲੇਆਮ ਨਾ ਕਰਾਓ, ਕਰਤਾਰਪੁਰ ਸਾਹਿਬ ਦਾ ਸੰਦੇਸ਼ ਸੁਣੋ - ਸ਼ੁਭ ਅਮਲਾਂ ਦੇ ਰਾਹ ਅਪਣਾਓ - ਖਾਲੜਾ ਮਿਸ਼ਨ

ਫਤਿਹ ਟਾਈਮਜ਼



ਸ਼੍ਰੀ ਗੋਇੰਦਵਾਲ ਸਾਹਿਬ, 12 ਮਈ (ਐਸ ਐਸ ਸੰਧਾ) ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਤੇ ਮਨੁੱਖੀ ਅਧਿਕਾਰ ਇੰਨਸਾਫ ਸੰਘਰਸ਼ ਕਮੇਟੀ ਨੇ ਆਖਿਆ ਹੈ ਕਿ ਜੰਗ ਰਾਂਹੀ ਨਿਰਦੋਸ਼ਾਂ ਦਾ ਕਤਲੇਆਮ ਕਰਾਉਣਾ ਅੱਤਵਾਦ ਹੈ। ਹਿੰਦ-ਪਾਕਿ ਦੇ ਹਾਕਮਾਂ ਨੂੰ ਧਾਰਮਿਕ ਨਫਰਤਾਂ ਤਿਆਗ ਕੇ ਕਰਤਾਰਪੁਰ ਸਾਹਿਬ ਦਾ ਸੰਦੇਸ਼ ਸੁਣਨਾ ਚਾਹੀਦਾ ਹੈ। ਸ਼ੁਭ ਅਮਲਾਂ ਦਾ ਰਾਹ ਅਪਣਾ ਕੇ ਸੱਚੇ ਧਰਮੀ ਬਣਕੇ ਸੰਵਾਦ ਰਚਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇੰਡੀਆਂ ਫਸਟ, ਪਾਕਿ ਫਸਟ, ਅਮਰੀਕਾ ਫਸਟ, ਰੂਸ ਫਸਟ, ਇਜ਼ਰਾਇਲ ਫਸਟ, ਚੀਨ ਫਸਟ ਦੇ ਨਾਅਰੇ ਲਾਉਣ ਦੀ ਬਜਾਏ ਸਰਬੱਤ ਦਾ ਭਲਾ ਫਸਟ ਹੋਣਾ ਚਾਹੀਦਾ ਹੈ। ਜਥੇਬੰਦੀਆਂ ਨੇ ਕਿਹਾ ਕਿ ਅੱਤਵਾਦ ਰਾਂਹੀ ਨਿਰਦੋਸ਼ਾਂ ਦਾ ਖੂਨ ਨਹੀਂ ਵਹਾਉਣਾ ਚਾਹੀਦਾ ਹੈ। ਜਿੱਥੇ ਪਹਿਲਗਾਮ ਦੀ ਘਟਨਾ ਅੱਤਵਾਦ ਹੈ, ਉੱਥੇ ਚਿਟੀ ਸਿੰਘਪੁਰਾ ਵਿਚ 43 ਸਿੱਖਾਂ ਦਾ ਕਤਲੇਆਮ ਵੀ ਅੱਤਵਾਦ ਸੀ, ਸ਼੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਵੀ ਅੱਤਵਾਦ ਸੀ, 25 ਹਜ਼ਾਰ ਸਿੱਖਾਂ ਦੇ ਝੂਠੇ ਮੁਕਾਬਲੇ ਵੀ ਅੱਤਵਾਦ ਸੀ, ਨਵੰਬਰ-84 ਦਾ ਕਤਲੇਆਮ ਵੀ ਅੱਤਵਾਦ ਸੀ, ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਰੱਦ (ਬਾਕੀ ਸਫਾ 3 ਤੇ)

## ਸਾਬਕਾ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਦੇ ਅਕਾਲ ਚਲਾਣਾ ਕਰ ਜਾਣ ’ਤੇ ਐਡਵੋਕੇਟ ਧਾਮੀ ਵੱਲੋਂ ਦੁੱਖ ਪ੍ਰਗਟ

ਫਤਿਹ ਟਾਈਮਜ਼

ਅੰਮ੍ਰਿਤਸਰ, 12 ਮਈ (ਫ.ਟ.ਬ) ਸ਼ਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਦੇ ਅਕਾਲ ਚਲਾਣਾ ਕਰ ਜਾਣ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਨੇ ਲੰਬਾ ਸਮਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਨਿਭਾਉਂਦਿਆਂ ਸੰਗਤਾਂ ਨੂੰ ਬਾਣੀ ਬਾਣੇ ਨਾਲ ਜੋੜਿਆ ਅਤੇ ਗੁਰੂ ਦਰਸਾਏ ਮਾਰਗ ਤੇ ਚੱਲਣ ਦੀ ਪ੍ਰੇਰਨਾ ਕੀਤੀ। ਉਨ੍ਹਾਂ ਕਿਹਾ ਕਿ ਗਿਆਨੀ ਮੋਹਣ ਸਿੰਘ ਸਿਧਾਂਤਵਾਦੀ ਪੁਰਸ਼ ਸਨ, ਜੋ ਹਮੇਸ਼ਾ ਗੁਰੂ ਘਰ ਨੂੰ ਸਮਰਪਿਤ ਰਹੇ। ਉਨ੍ਹਾਂ ਨੇ ਆਪਣੀ ਨਿੱਜੀ ਜਾਇਦਾਦ ਵੀ ਸ੍ਰੀ ਦਰਬਾਰ ਸਾਹਿਬ ਦੇ ਨਾਮ ਕਰ ਦਿੱਤੀ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਅਜਿਹੀ ਸਖ਼ਸ਼ੀਅਤ ਦਾ ਚਲਾਣਾ ਪੂਰੇ ਵਿਸ਼ਵ ਦੀਆਂ ਸੰਗਤਾਂ ਲਈ ਵੱਡਾ ਘਾਟਾ ਹੈ, ਜਿਸ ਦੀ ਪੂਰਤੀ ਨਹੀਂ ਹੋ ਸਕਦੀ। ਐਡਵੋਕੇਟ ਧਾਮੀ ਨੇ ਦਰਵੇਸ਼ ਪੁਰਸ਼ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਨੇ ਵੀ ਗਿਆਨੀ ਮੋਹਣ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਤੇ ਦੁੱਖ ਸਾਂਝਾ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ।

## ਕੀ ਸੋਸ਼ਲ ਮੀਡੀਆ ਤੇ ਗਲਤ ਜਾਣਕਾਰੀ ਪਾਉਣ ਵਾਲਿਆ ਖਿਲਾਫ ਕਾਰਵਾਈ ਹੋਊ?

**ਸਰਬਜੋਤ ਸਿੰਘ ਖਾਲਸਾ**

ਫਤਿਹ ਟਾਈਮਜ਼

ਜੰਗ ਵਰਗੇ ਨਾਜੁਕ ਹਾਲਾਤਾਂ ਵਿਚ ਸੋਸ਼ਲ ਮੀਡੀਆ ਤੇ ਗਲਤ ਜਾਣਕਾਰੀ ਪਾਉਣ ਵਾਲਿਆਂ ਖਿਲਾਫ ਕੀ ਸਰਕਾਰ ਕਾਰਵਾਈ ਕਰੇਗੀ। ਜਿਥੇ ਪੰਜਾਬ ਤੇ ਉੱਤਰੀ ਭਾਰਤ ਦੇ ਹੋਰਨਾਂ ਸੂਬਿਆਂ ਨੇ ਭਾਰਤ ਪਾਕਿ ਦੇ ਜੰਗ ਦੇ ਸਮੇਂ ਦਾ ਤਨਾਅਪੂਰਨ ਸਮਾਂ ਆਪਣੇ ਪਿੰਡੇ ਤੇ ਹੰਡਾਇਆ ਹੈ ਉਥੇ ਹੀ ਵਿਊ ਲੈਣ ਦੇ ਚੱਕਰ ਵਿਚ ਸਮਾਜ ਵਿਰੋਧੀ ਤੱਤਾਂ ਵਲੋਂ ਝੂਠੀ ਅਤੇ ਗਲਤ ਜਾਣਕਾਰੀ ਸੋਸ਼ਲ ਮੀਡੀਆ ਤੇ ਅਪਲੋਡ ਕਰਕੇ ਲੋਕਾਂ ਵਿਚ ਹੋਰ ਸਹਿਮ ਦਾ ਮਾਹੌਲ ਬਣਾਇਆ ਗਿਆ। ਇਹਨਾਂ ਸਮਾਜ ਵਿਰੋਧੀ ਤੱਤਾਂ ਕੋਲੋਂ ਜੇਕਰ ਉਸ ਸੋਸ਼ਲ ਮੀਡੀਆ ਤੇ ਪਾਈ ਜਾਣਕਾਰੀ ਪਿਛਲਾ ਕੋਈ ਤੱਥ ਪੁੱਛਿਆ ਜਾਵੇ ਤਾ ਇਹਨਾਂ ਕੋਲੋਂ ਕੋਈ ਤੱਥ ਨਹੀ ਦੱਸਿਆ ਜਾ ਸਕੇਗਾ। ਦੇਖਣਾ ਇਹ ਹੋਵੇਗਾ ਕਿ ਕੇਵਲ ਸੋਸ਼ਲ ਮੀਡੀਆ ਤੇ ਵਿਊ ਲੈਣ ਦੇ ਚੱਕਰ ਵਿਚ ਪਾਈਆਂ ਗਏਈਆਂ ਗਲਤ ਪੋਸਟਾਂ ਪਾਉਣ ਵਾਲਿਆਂ ਖਿਲਾਫ ਸਰਕਾਰ ਕੋਈ ਕਾਰਵਾਈ ਕਰਦੀ ਹੈ ਜਾਂ ਨਹੀ ?

LIC
भारतीय जीवन बीमा निगम
LIFE INSURANCE CORPORATION OF INDIA
ਬੀਮਾ ਸੇਵਾ ਕੇਂਦਰ

ਬੱਚਿਆਂ ਲਈ ਐਜੂਕੇਸ਼ਨ ਬੀਮਾ ਪੌਲਸੀ,
ਲੜਕੀਆਂ ਲਈ ਕੰਨਿਆਦਾਨ ਪੌਲਸੀ,
ਬੁਢਾਪਾ ਪੈਨਸ਼ਨ ਸਕੀਮ,ਮਨੀ ਬੈੱਕ ਪੌਲਸੀ,
ਰੋਜ਼ਾਨਾ ਬਚਤ ਪੌਲਸੀ,ਕਰੋੜਪਤੀ ਸਕੀਮ।

ਡੈਂਥ ਕਲੇਮ,ਮਚਿਉਰਟੀ ਜਾ ਫਿਰ ਹੋਰ
ਐਲ ਆਈ ਸੀ ਸੇਵਾ ਲਈ ਸੰਪਰਕ ਕਰੋ:
ਐਸ ਐਸ ਸੰਧਾ ਮੋ:9988537575

ਅਖਬਾਰਾਂ ਵਿਚ ਨਾਮ ਬਦਲੀ,ਬੇਦਖਲੀ ਨੋਟਿਸ,ਟਿਊਬਵੈਲ
ਕੁਨੈਕਸ਼ਨ ਅਤੇ ਹੋਰ ਇਸ਼ਤਿਹਾਰ ਦੇਣ ਵੀ ਲਈ ਸੰਪਰਕ ਕਰੋ।

# ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ 546 ਵਾਂ ਪ੍ਰਕਾਸ਼ ਦਿਹਾੜਾ

ਫਤਿਹ ਟਾਈਮਜ਼






ਸ੍ਰੀ ਗੋਇੰਦਵਾਲ ਸਾਹਿਬ, 12 ਮਈ (ਐਸ ਐਸ ਸੰਧਾ/ਦਿਲਬਾਗ ਸਿੰਘ) ਸਿੱਖਾਂ ਦੇ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ 546 ਵਾਂ ਪ੍ਰਕਾਸ਼ ਦਿਹਾੜਾ ਗੁਰਦੁਆਰਾ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਤਿੰਨ ਰੋਜ਼ਾ ਧਾਰਮਿਕ ਸਮਾਗਮਾਂ ਦੇ ਆਖਰੀ ਦਿਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਰਾਗੀ ਜੱਥਿਆਂ ਵੱਲੋਂ " ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨ ਆਵੈ" ਤੇ ਗੁਰੂ ਸਾਹਿਬ ਜੀ ਦੀ ਉਚਾਰਨ ਕੀਤੀ ਗੁਰਬਾਣੀ ਦੇ ਕੀਰਤਨ ਦੀ ਸ਼ਹਿਬਰ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤ ਗੁਰੂ ਘਰ ਵਿਚ ਨਤਮਸਤਕ ਹੋਣ ਲਈ ਪੁੱਜੀ ਇਸ ਦੇ ਨਾਲ ਹੀ ਗੁਰੂ ਘਰ ਆਈਆਂ ਹੋਈਆਂ ਸੰਗਤਾਂ ਨੇ ਪਵਿੱਤਰ ਬਾਉਲੀ 'ਚ ਇਸ਼ਨਾਨ ਕਰ ਆਪਣਾ ਜੀਵਨ ਸਫਲ ਕੀਤਾ। ਇਸ ਮੌਕੇ ਮੈਨੇਜਰ ਗੁਰਾ ਸਿੰਘ ਨੇ ਸਮੂਹ ਸੰਗਤਾਂ ਨੂੰ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਦੱਸਿਆ ਕਿ ਗੁਰਦੁਆਰਾ ਬਾਉਲੀ ਸਾਹਿਬ ਸਿਖਾਂ ਦਾ ਪਹਿਲਾ ਤੀਰਥ ਅਸਥਾਨ ਹੈ ਜਿਥੇ ਗੁਰੂ ਸਾਹਿਬ ਨੇ 84 ਪੌੜੀਆਂ ਵਾਲੀ ਬਾਉਲੀ ਸਾਹਿਬ ਦੀ (ਬਾਕੀ ਸਫਾ 2 ਤੇ)

## ਭਾਰਤੀ ਕਿਸਾਨ ਯੂਨੀਅਨ ਪੰਜਾਬ ਬਲਾਕ ਮਖੂ ਦੇ ਕਿਸਾਨਾਂ ਦੀ ਮਖੂ ਵਿਖੇ ਹੋਈ ਅਹਿਮ ਮੀਟਿੰਗ



ਫਤਿਹ ਟਾਈਮਜ਼

ਮਖੂ, 12 ਮਈ (ਸ਼ਬੇਗ ਸਿੰਘ) ਭਾਰਤੀ ਕਿਸਾਨ ਯੂਨੀਅਨ ਪੰਜਾਬ ਦੀ ਹਫਤਾਵਰੀ ਮੀਟਿੰਗ ਬਲਾਕ ਪ੍ਰਧਾਂਨ ਨਿਸ਼ਾਂਨ ਸਿੰਘ ਫੌਜੀ ਸ਼ੀਹਾਂਪਾੜੀ ਦੀ ਅਗਵਾਈ ਵਿਚ ਗੁਰਦੁਆਰਾ ਬਾਬਾ ਬਾਠਾਂ ਵਾਲਾ ਮਖੂ ਵਿਖੇ ਹੋਈ। ਇਸ ਮੀਟਿਗ ਵਿਚ ਵਿਸ਼ੇਸ਼ ਤੌਰ ਤੇ ਪੰਜਾਬ ਸਰਪ੍ਰਸਤ ਪ੍ਰਧਾਂਨ ਬਾਪੂ ਗੁਰਦੇਵ ਸਿੰਘ ਤੇ ਸੀਨੀਅਰ ਮੀਤ ਪ੍ਰਧਾਂਨ ਪੰਜਾਬ ਜੋਗਿੰਦਰ ਸਿੰਘ ਸਭਰ੍ਹਾ ਹਾਜਰ ਹੋਏ । ਸਰਪ੍ਰਸਤ ਗੁਰਦੇਵ ਸਿੰਘ ਤੇ ,ਜੋਗਿੰਦਰ ਸਿੰਘ ਸਭਰ੍ਹਾ ਨੇ ਮੀਟਿਂਗ ਨੂੰ ਸੰਬੋਧਨ ਕਰਦਿਆ ਕਿਹਾ ਕਿ ਪੰਜਾਬ ਦੇ ਪਾਣੀਆਂ ਦਾ ਮੁੱਦਾ ਸਾਡਾ ਹੱਕ ਵੀ ਹੈ ਤੇ ਸਾਡੇ ਲਈ ਅਹਿਮ ਮੁੱਦਾ ਹੈ ਤੇ ਰਹੇਗਾ। ਪਰ ਜਿਵੇਂ ਪੰਜਾਬ ਦੀ ਭਗਵੰਤ ਸਿੰਘ ਆਮ ਆਦਮੀ ਦੀ ਸਰਕਾਰ ਨੇ ਕੇਂਦਰ ਨਾਲ ਮਿਲ ਕੇ ਸਾਡੇ ਨਾਲ ਧੋਖਾ ਕੀਤਾ ਤੇ ਕਿਸਾਨਂ ਸੰਘਰਸ਼ ਨੂੰ ਕੁਚਲ ਕੇ ਰੱਖ ਦਿੱਤਾ ਹੈ ਜੋ ਅੱਜ ਤੱਕ ਦੀ ਕਿਸੇ ਵੀ ਪੰਜਾਬ ਸਰਕਾਰ ਨੇ ਨਹੀਂ ਕੀਤਾ ਸੀ। ਹੁਣ ਕਿਸ ਮੂੰਹ ਨਾਲ ਮੁਖ ਮੰਤਰੀ ਕਹਿ ਰਿਹਾ ਹੈ ਕਿ ਕਿਸਾਨ ਸਾਡੇ ਨਾਲ ਮਿਲ ਕੇ ਪਾਣੀਆਂ ਨੂੰ ਬਚਾਉਣ ਲਈ ਸਾਡਾ ਸਾਥ ਦੇਣ। ਇਕ ਪਾਸੇ ਤੁਸੀ ਸਾਨੂੰ ਵਿਹਲੜ ਦੱਸ ਕੇ ਤੇ ਰੋਜ ਸੜਕਾਂ ਜਾਮ ਕਰਨ ਵਾਲੇ (ਬਾਕੀ ਸਫਾ 3 ਤੇ)

## ਪੰਜਾਬ ਦੀ ਮੁੰਡਿਆਂ ਅਤੇ ਕੁੜੀਆਂ ਦੀ ਗੱਤਕਾ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਓਵਰਆਲ ਪਹਿਲਾ ਸਥਾਨ ਹਾਸਲ ਕੀਤਾ

ਫਤਿਹ ਟਾਈਮਜ਼



**ਬਿਹਾਰ ਦੇ ਗਯਾ ਸ਼ਹਿਰ ਵਿਖੇ 5 ਤੋਂ 7 ਮਈ 2025 ਤੱਕ ਖੇਲੋ ਇੰਡੀਆ ਯੂਥ ਗੇਮਜ਼ ਤਹਿਤ ਗੱਤਕਾ ਮੁਕਾਬਲੇ ਆਯੋਜਿਤ ਕੀਤੇ ਗਏ।**

ਫਾਜ਼ਿਲਕਾ, 12 ਮਈ (ਫ.ਟ.ਬ) ਯੁਵਾ ਤੇ ਖੇਡ ਮੰਤਰਾਲੇ ਦੀ ਅਗਵਾਈ ਹੇਠ ਭਾਰਤੀ ਖੇਡ ਅਥਾਰਟੀ ਵੱਲੋਂ ਬਿਹਾਰ ਦੇ ਗਯਾ ਸ਼ਹਿਰ ਵਿਖੇ 5 ਤੋਂ 7 ਮਈ 2025 ਤੱਕ ਖੇਲੋ ਇੰਡੀਆ ਯੂਥ ਗੇਮਜ਼ ਤਹਿਤ ਗੱਤਕਾ ਮੁਕਾਬਲੇ ਆਯੋਜਿਤ ਕੀਤੇ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਦੇਸ਼ ਦੇ 19 ਰਾਜਾਂ ਤੋਂ 160 ਤੋਂ ਵੱਧ ਖਿਡਾਰੀਆਂ ਨੇ ਭਾਗ ਲਿਆ। ਇਸ ਤਹਿਤ ਪੰਜਾਬ ਦੀ ਮੁੰਡਿਆਂ ਅਤੇ ਕੁੜੀਆਂ ਦੀ ਗੱਤਕਾ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਓਵਰਆਲ ਪਹਿਲਾ ਸਥਾਨ ਹਾਸਲ ਕੀਤਾ। ਪੰਜਾਬ ਟੀਮ ਦੇ ਕੋਚ ਸ. ਹਰਕਿਰਨ ਜੀਤ ਸਿੰਘ ਰਾਮਗੜ੍ਹੀਆ ਨੇ ਦੱਸਿਆ ਕਿ ਲੜਕਿਆਂ ਦੀ ਟੀਮ ਵਿੱਚ ਤਮੰਨਾ ਨੇ ਵਿਅਕਤੀਗਤ ਸਿੰਗਲ ਸੋਟੀ ਮੁਕਾਬਲੇ ਵਿੱਚ ਸੋਨੇ ਦਾ ਤਗਮਾ, ਅਵਨੀਤ ਕੌਰ ਨੇ ਕਾਂਸੀ ਅਤੇ ਸੋਨੂੰ ਕੌਰ ਨੇ ਵਿਅਕਤੀਗਤ ਫਰੀ ਸੋਟੀ ਮੁਕਾਬਲੇ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਮੁੰਡਿਆਂ ਦੀ ਟੀਮ ਵੱਲੋਂ ਗੁਰਸੇਵਕ ਸਿੰਘ ਨੇ ਵਿਅਕਤੀਗਤ ਸਿੰਗਲ ਸੋਟੀ ਮੁਕਾਬਲੇ ਵਿੱਚ ਸੋਨੇ ਦਾ ਤਗਮਾ, ਜਸ਼ਨਦੀਪ ਸਿੰਘ ਨੇ ਚਾਂਦੀ, ਜਗਦੀਪ ਸਿੰਘ ਨੇ ਵਿਅਕਤੀਗਤ ਫਰੀ ਸੋਟੀ ਮੁਕਾਬਲੇ ਵਿੱਚ ਚਾਂਦੀ, ਅਤੇ ਟੀਮ ਫਰੀ ਸੋਟੀ ਮੁਕਾਬਲੇ ਵਿੱਚ ਗੁਰਸੇਵਕ ਸਿੰਘ, ਜਸ਼ਨਦੀਪ ਸਿੰਘ ਅਤੇ ਰੋਬਿਨਪ੍ਰੀਤ ਸਿੰਘ ਨੇ ਚਾਂਦੀ ਦਾ ਤਗਮਾ ਹਾਸਲ ਕੀਤਾ। ਸ. ਰਾਮਗੜ੍ਹੀਆ ਨੇ ਦੱਸਿਆ ਕਿ ਇਸ ਪ੍ਰਾਪਤੀ 'ਚ ਟੀਮ ਮੈਨੇਜਰ ਸ. ਜਸਵਿੰਦਰ ਸਿੰਘ ਪਾਬਲਾ, ਲੜਕੀਆਂ ਦੀ ਕੋਚ ਇੰਦਰਪ੍ਰੀਤ ਕੌਰ ਲੁਧਿਆਣਾ ਅਤੇ ਸਮੂਹ ਸਟਾਫ਼ ਦਾ ਵੀ ਮਹੱਤਵਪੂਰਨ ਯੋਗਦਾਨ ਰਿਹਾ। ਇਸ ਮੌਕੇ ਉਨ੍ਹਾਂ (ਬਾਕੀ ਸਫਾ 3 ਤੇ)




# ਮੇਰਾ ਯੁਵਾ ਭਾਰਤ ਸਿਵਲ ਡਿਫੈਂਸ ਵਲੰਟੀਅਰਾਂ ਦੀ ਭਰਤੀ ਪ੍ਰਕਿਰਿਆ ਸ਼ੁਰੂ

## ਸਮਾਜ ਭਲਾਈ ਕਾਰਜਾਂ ਲਈ ਨੌਜਵਾਨਾਂ ਨੂੰ ਕੀਤਾ ਜਾਵੇਗਾ ਤਿਆਰ : ਜ਼ਿਲ੍ਹਾ ਯੂਥ ਅਫ਼ਸਰ ਸ਼੍ਰੀਮਤੀ ਆਭਾ ਸੋਨੀ



ਬਰਨਾਲਾ, 12 ਮਈ (ਧੀਮਾਨ)ਮੇਰਾ ਯੁਵਾ ਭਾਰਤ ਬਰਨਾਲਾ ਅਧੀਨ "ਮੇਰਾ ਯੁਵਾ ਭਾਰਤ ਸਿਵਲ ਡਿਫੈਂਸ ਵਲੰਟੀਅਰਾਂ" ਦੀ ਭਰਤੀ ਮੁਹਿੰਮ ਦੀ ਸ਼ੁਰੂਆਤ ਜ਼ਿਲ੍ਹਾ ਬਰਨਾਲਾ ਵਿੱਚ ਹੋ ਗਈ ਹੈ।ਇਸ ਸਬੰਧੀ ਜ਼ਿਲ੍ਹਾ ਯੂਥ ਅਫ਼ਸਰ ਸ੍ਰੀਮਤੀ ਆਭਾ ਸੋਨੀ ਨੇ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਰਾਸ਼ਟਰ ਦੀ ਸੇਵਾ ਅਤੇ ਸਮਾਜਿਕ ਭਲਾਈ ਲਈ ਤਿਆਰ ਕਰਨਾ ਹੈ, ਜਿਸ ਰਾਹੀਂ ਉਹ ਐਮਰਜੈਂਸੀ ਸਥਿਤੀਆਂ, ਆਫ਼ਤਾਂ ਤੇ ਹੋਰ ਜ਼ਰੂਰੀ ਸਮਿਆਂ ਵਿੱਚ ਲੋੜਵੰਦ ਲੋਕਾਂ ਦੀ ਸਹਾਇਤਾ ਕਰ ਸਕਣ। ਇਹ ਵਾਲੰਟੀਅਰ ਸਮਾਜਿਕ ਜਾਗਰੂਕਤਾ ਮੁਹਿੰਮਾਂ, ਡਿਜ਼ਾਸਟਰ ਮੈਨੇਜਮੈਂਟ, ਟ੍ਰੈਫਿਕ ਕੰਟਰੋਲ, ਤੇ ਹੋਰ ਸਰਕਾਰੀ ਕਾਰਜਾਂ ਵਿੱਚ ਵੀ ਆਪਣੀ ਸੇਵਾਵਾਂ ਦੇਣਗੇ।ਸ੍ਰੀਮਤੀ ਸੋਨੀ ਨੇ ਦੱਸਿਆ ਕਿ ਇਹ ਕਾਰਜ ਨੌਜਵਾਨਾਂ ਵਿੱਚ ਆਤਮ-ਵਿਸ਼ਵਾਸ ਅਤੇ ਜ਼ਿੰਮੇਵਾਰੀ ਦੀ ਭਾਵਨਾ ਨੂੰ ਮਜ਼ਬੂਤ ਕਰੇਗਾ। ਉਨ੍ਹਾਂ ਕਿਹਾ ਕਿ ਨੌਜਵਾਨ ਰਾਸ਼ਟਰ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਨੂੰ ਰਾਸ਼ਟਰ ਨਿਰਮਾਣ ਵਿੱਚ ਸ਼ਾਮਲ ਕਰਨਾ ਅਸਲ ਬਦਲਾਅ ਲਿਆਉਣ ਵੱਲ ਇੱਕ ਵੱਡਾ ਕਦਮ ਹੈ। ਇਹ ਵਾਲੰਟੀਅਰ ਬਣਨ ਲਈ ਉਮੀਦਵਾਰਾਂ ਦੀ ਉਮਰ 18 ਤੋਂ 29 ਸਾਲ ਹੋਣੀ ਚਾਹੀਦੀ ਹੈ। ਰਜਿਸਟ੍ਰੇਸ਼ਨ ਲਈ ਉਮੀਦਵਾਰ ਮੇਰਾ ਭਾਰਤ (ਮਾਈ ਭਾਰਤ) ਦੇ ਅਧਿਕਾਰਿਕ ਪੋਰਟਲ ਹਟਟਪਸ://ਮੇਬਹਓਰਓਟ.ਗੋਵਿ.ਨ ਉੱਤੇ ਜਾ ਕੇ ਆਪਣੀ ਜਾਣਕਾਰੀ ਭਰ ਸਕਦੇ ਹਨ, ਜਿਸ ਦੀ ਆਖਰੀ ਮਿਤੀ 25 ਮਈ 2025 ਹੈ।ਉਨ੍ਹਾਂ ਬਰਨਾਲਾ ਜ਼ਿਲ੍ਹੇ ਦੇ ਸਾਰੇ ਕਾਲਜਾਂ, ਸਕੂਲਾਂ, ਨੌਜਵਾਨ ਗਰੁੱਪਾਂ ਤੇ ਸਵੈਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਯੋਜਨਾ ਨਾਲ ਜੁੜਨ।

# ਖ਼ੂਨਦਾਨ ਕਰਨਾ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ:- ਐਸ.ਡੀ.ਐਮ ਸਿਮਰਪ੍ਰੀਤ ਕੌਰ



ਤਪਾ ਮੰਡੀ, 12 ਮਈ (ਧੀਮਾਨ) ਖ਼ੂਨਦਾਨ ਕਰਨਾ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ, ਕਿਉਂਕਿ ਖ਼ੂਨਦਾਨ ਮਹਾਂਦਾਨ ਹੈ ਅਤੇ ਖ਼ੂਨਦਾਨ ਕਰਨ ਨਾਲ ਕਈ ਕੀਮਤੀ ਜ਼ਿੰਦਗੀਆਂ ਨੂੰ ਬਚਾਇਆ ਜਾਂ ਸਕਦਾ ਹੈ। ਖ਼ੂਨ ਦੀ ਇੱਕ ਇੱਕ ਬੂੰਦ ਕੀਮਤੀ ਹੈ ਜੋ ਕਿਸੇ ਵੀ ਲੋੜਵੰਦ ਵਿਅਕਤੀ ਨੂੰ ਜੀਵਨ ਦਾਨ ਦੇ ਸਕਦਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਐਸ.ਡੀ.ਐਮ ਤਪਾ ਮੈਡਮ ਸਿਮਰਪ੍ਰੀਤ ਕੌਰ ਅਤੇ ਡੀ.ਐਸ.ਪੀ ਗੁਰਬਿੰਦਰ ਸਿੰਘ ਤਪਾ ਨੇ ਮੌਜੂਦਾ ਹਾਲਾਤਾਂ ਨੂੰ ਦੇਖਦਿਆਂ ਸਿਵਲ ਹਸਪਤਾਲ ਤਪਾ ਵਿਖੇ ਲਾਏ ਗਏ ਖ਼ੂਨਦਾਨ ਕੈਂਪ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਹਨਾਂ ਆਖਿਆ ਕਿ ਇਸ ਖ਼ੂਨਦਾਨ ਕੈਂਪ ਦਾ ਮੁੱਖ ਮਕਸਦ ਐਮਰਜੈਂਸੀ ਸਥਿਤੀ ਲਈ ਅਗਾਊਂ ਖ਼ੂਨ ਜਮ੍ਹਾਂ ਕਰਨਾ ਹੈ। ਕਿਉਂਕਿ ਅੱਜ ਇਸ ਸਥਿਤੀ ਦੇ ਚਲਦਿਆਂ ਦੇਸ਼ ਲਈ ਹਰ ਨੌਜਵਾਨ ਖ਼ੂਨ ਦਾ ਕਤਰਾ-ਕਤਰਾ ਤੱਕ ਦਾਨ ਕਰਨ ਲਈ ਤਿਆਰ ਹੈ। ਇਸ ਮੌਕੇ ਡਾਕਟਰ ਅਮਿਤ ਕੁਮਾਰ ਨੇ ਦੱਸਿਆ ਕਿ ਖ਼ੂਨਦਾਨ ਕਰਨ ਨਾਲ ਕਿਸੇ ਵੀ ਤਰ੍ਹਾਂ ਦੀ ਕਮਜ਼ੋਰੀ ਨਹੀਂ ਆਉਂਦੀ ਬਲਕਿ ਮਨ ਨੂੰ ਇੱਕ ਸੰਤੁਸ਼ਟੀ ਮਿਲਦੀ ਹੈ, ਅਸੀਂ ਇਹ ਦਾਨ ਕਰਕੇ ਇਕ ਲੋੜਵੰਦ ਵਿਅਕਤੀ ਨੂੰ ਜੀਵਨ ਪ੍ਰਦਾਨ ਕਰ ਸਕਦੇ ਹਾਂ। ਕੈਂਪ ਦੌਰਾਨ ਸਿਵਲ ਹਸਪਤਾਲ ਬਰਨਾਲਾ ਤੋਂ ਪੁੱਜੀ ਬਲੱਡ ਬੈਂਕ ਦੀ ਟੀਮ ਦੇ ਲੈਬ ਟੈਕਨੀਸ਼ੀਅਨ ਕਮਲਦੀਪ ਸਿੰਘ, ਕੌਂਸਲਰ ਹਰਮਨ ਕੌਰ, ਸਟਾਫ ਨਰਸ ਮਨਦੀਪ ਕੌਰ,ਅਟੈਂਡੈਂਟ ਕੁਲਵਿੰਦਰ ਸਿੰਘ ਆਦ ਟੀਮ ਵੱਲੋਂ 60 ਦੇ ਕਰੀਬ ਯੂਨਿਟ ਖ਼ੂਨ ਇਕੱਠਾ ਕੀਤਾ ਗਿਆ ਉਪਰੰਤ ਖ਼ੂਨਦਾਨੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਇਸ ਮੌਕੇ ਵਲੋਂ ਜੈ ਮਲਾਪ , ਸ਼ਹੀਦ ਭਗਤ ਸਿੰਘ ਪ੍ਰੈਸ ਕਲੱਬ ਤਪਾ, ਹੈਪੀ ਕਲੱਬ ਤਪਾ, ਖੁਸ਼ਦੀਪ ਗਰਗ ਤੋਂ ਇਲਾਵਾ ਸ਼੍ਰੀ ਗੁਰੂ ਤੇਗ ਬਹਾਦਰ ਨਰਸਿੰਗ ਇੰਸਟੀਟਿਊਟ ਬੱਲੋਂ (ਬਠਿੰਡਾ) ਦੀ ਪ੍ਰਿੰਸੀਪਲ ਮਨਜੀਤ ਕੌਰ ਦੀ ਅਗਵਾਈ ਹੇਠ ਪੁੱਜੇ ਜੀ.ਐਨ.ਐਮ ਵਿਦਿਆਰਥਣਾਂ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਮੌਕੇ ਸਬ ਇੰਸਪੈਕਟਰ ਮੈਡਮ ਰੇਨੂ ਪਰੋਚਾ,ਸੁਪਰਡੈਂਟ ਰੇਸ਼ਮ ਸਿੰਘ, ਹਰਜਿੰਦਰ ਸਿੰਘ ਹੈਰੀ ਰੀਡਰ ਟੂ ਐਸ.ਡੀ.ਐਮ ਤਪਾ,ਭਗਵਾਨ ਸਿੰਘ,ਧਰਮਿੰਦਰ ਸਿੰਘ ਸੋਨੂ ਮਾਂਗਟ, ਬੇਅੰਤ ਮਾਂਗਟ,ਜਗਦੇਵ ਸਿੰਘ ਗੋਦੀ,ਪਵਨ ਬਤਾਰਾ,ਰਵਿੰਦਰ ਤਾਜੋ, ਸੰਦੀਪ ਭੈਣੀ, ਰਿੱਚੀ ਭੱਟਾ, ਦੀਪੂ ਮਿੱਤਲ,ਸਾਬਕਾ ਕੌਂਸਲਰ ਗੁਰਮੀਤ ਰੋੜ,ਹੇਮ ਰਾਜ ਸ਼ੰਟੀ ਮੋੜ,ਵਿੱਕੀ ਭਗਵਤੀ,ਸਚਿਨ ਗਰਗ ਕਾਲੂ, , ਸੰਦੀਪ ਵਿੱਕੀ, ਸਤਪਾਲ ਗੋਇਲ, ਰੋਕੀ ਕਪੂਰ,ਸੰਦੀਪ ਭੈਣੀ,ਰਮਨ ਕੁਮਾਰ, ਦਰਸ਼ਨ ਤਨੇਜਾ, ਗੁਰਜੰਟ ਸਿੰਘ ਲੀਲਾ ਆਦਿ ਮੌਜੂਦ ਸਨ।

# ਹਿੰਮਤ ਐਨ.ਜੀ.ਓ ਵੱਲੋਂ ਲੋੜਵੰਦ ਪਰਿਵਾਰ ਲਈ ਘਰ ਬਣਾਉਣ ਦੀ ਸ਼ੁਰੂਆਤ

## ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ: ਸ਼ਰੁਤੀ ਵਿਜ



ਅਮ੍ਰਿਤਸਰ, 12 ਮਈ (ਫ.ਟ.ਬ) ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ, ਇਸ ਤੋਂ ਵੱਡਾ ਕੋਈ ਵੀ ਧਰਮ ਨਹੀਂ। ਇਹ ਗੱਲ ਕੌਂਸਲਰ ਤੇ ਮਹਿਲਾ ਮੋਰਚਾ ਅੰਮ੍ਰਿਤਸਰ ਦੀ ਪ੍ਰਧਾਨ ਸ਼ਰੁਤੀ ਵਿਜ ਨੇ ਹਿੰਮਤ ਐਨ.ਜੀ.ਓ ਵਲੋਂ ਡਾਇਮੰਡ ਅਵੇਨਿਊ ਵਿਖੇ ਇੱਕ ਲੋੜਵੰਦ ਪਰਿਵਾਰ ਨੂੰ ਨਵਾਂ ਘਰ ਬਣਾਉਣ ਦੇ ਨੀਂਹ ਪੱਥਰ ਰੱਖਣ ਦੇ ਦੌਰਾਨ ਕਹੀ। ਇਸ ਦੌਰਾਨ ਹਿੰਮਤ ਐਨ.ਜੀ.ਓ ਦੇ ਮੁਖੀ ਭਾਈ ਹਿੰਮਤ ਸਿੰਘ, ਆਲ ਇੰਡਿਆ ਸਿੱਖ ਸਟੂਡੈਂਟ ਫੇਡਰੇਸ਼ਨ ਦੇ ਮੁਖੀ ਭਾਈ ਕਵਰ ਚੜਤ ਸਿੰਘ, ਵਿਦਵਾਨ ਪ੍ਰੋ. ਬਲਜਿੰਦਰ ਸਿੰਘ, ਕਾਰੋਬਾਰੀ ਇੰਦਰਪਾਲ ਸਿੰਘ ਅਤੇ ਭਾਰੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਵਲੋਂ ਗੁਰੂ ਮਹਾਰਾਜ ਜੀ ਦੇ ਚਰਣਾਂ ਵਿੱਚ ਅਰਦਾਸ ਕਰਕੇ ਘਰ ਦਾ ਨੀਂਹ ਪੱਥਰ ਰੱਖਿਆ ਗਿਆ ਅਤੇ ਸਰਬਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਦੌਰਾਨ ਸ਼ਰੁਤੀ ਵਿਜ ਨੇ ਕਿਹਾ ਕਿ ਹਿੰਮਤ ਐਨ.ਜੀ.ਓ ਵਲੋਂ ਲਗਾਤਾਰ ਮਨੁੱਖਤਾ ਦੀ ਸੇਵਾ ਲਈ ਜੋ ਕਾਰਜ ਕੀਤਾ ਜਾ ਰਿਹਾ ਹੈ ਬਹੁਤ ਹੀ ਸ਼ਲਾਂਘਾਯੋਗ ਹੈ। ਕਿਸੇ ਜਰੂਰਤਮੰਦ ਦੀ ਜ਼ਰੂਰਤ ਪੂਰੀ ਕਰਣਾ ਇਸ ਤੋਂ ਵੱਡਾ ਪਰਉਪਕਾਰ ਨਹੀਂ ਹੁੰਦਾ। ਇਸਦੇ ਲਈ ਉਹ ਤੇ ਉਨ੍ਹਾਂ ਦੀ ਐਨ.ਜੀ.ਓ ਵਧਾਈ ਦੇ ਪਾਤਰ ਹਨ ਅਤੇ ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦੀ ਹਾਂ ਕਿ ਵਾਹਿਗੁਰੂ ਉਨ੍ਹਾਂ ਨੂੰ ਤਾਕਤ ਬਕਸ਼ੇ ਤਾਂਕਿ ਉਹ ਵੱਧ ਚੜ੍ਹਕੇ ਮਨੁੱਖਤਾ ਦੀ ਸੇਵਾ ਕਰ ਸਕਣ।ਇਸ ਦੌਰਾਨ ਭਾਈ ਕਵਰ ਚੜਤ ਸਿੰਘ ਨੇ ਕਿਹਾ ਕਿ ਹਿੰਮਤ ਐਨ.ਜੀ.ਓ ਪਿਛਲੇ ਲੰਮੇ ਸਮੇਂ ਤੋਂ ਸੇਵਾ ਕਾਰਜ ਦੇ ਨਾਲ ਜੁੜੇ ਹੋਏ ਹਨ। ਉਹ ਇੱਕ ਨਹੀਂ ਕਈ ਤਰ੍ਹਾਂ ਦੇ ਸੇਵਾ ਕਾਰਜ ਕਰਦੇ ਹਨ। ਮੈਂ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਸ ਸੰਸਥਾ ਦੇ ਨਾਲ ਜੁੱੜਕੇ ਇਸਨੂੰ ਹੋਰ ਮਜਬੂਤ ਕਰਨ ਤਾਂਕਿ ਇਹ ਮਨੁੱਖਤਾ ਦੀ ਸੇਵਾ ਵਿੱਚ ਅੱਗੇ ਵੱਧ ਚੜ੍ਹਕੇ ਹਿੱਸਾ ਲੈਂਦੇ ਰਹਿਣ। ਭਾਈ ਹਿੰਮਤ ਸਿੰਘ ਨੇ ਕਿਹਾ ਕਿ ਉਹ ਜਰੂਰਤਮੰਦ ਪਰਵਾਰਾਂ ਦੀ ਸੇਵਾ ਵਿੱਚ ਹਮੇਸ਼ਾ ਤਤਪਰ ਹਨ। ਹਿੰਮਤ ਐਨ.ਜੀ.ਓ ਮਨੁੱਖਤਾ ਦੀ ਸੇਵਾ ਲਈ ਬਣਾਈ ਗਈ ਹੈ ਅਤੇ ਇਹ ਲਗਾਤਾਰ ਇਸ ਦਿਸ਼ਾ ਵਿੱਚ ਕੰਮ ਕਰਦੀ ਰਹੇਗੀ। ਉਨ੍ਹਾਂ ਨੇ ਕਿਹਾ ਕਿ ਹਿੰਮਤ ਐਨ.ਜੀ.ਓ ਵਲੋਂ ਕਈ ਸੇਵਾ ਕਾਰਜ ਚਲਾਏ ਜਾ ਰਹੇ ਹਨ। ਇੰਨਾ ਸੇਵਾ ਕਾਰਜਾਂ ਵਿਚ ਭਾਰੀ ਗਿਣਤੀ ਵਿੱਚ ਲੋਕ ਲਾਭ ਲੈ ਰਹੇ ਹਨ ਅਤੇ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਉਹ ਇਸੇ ਤਰ੍ਹਾਂ ਸੇਵਾ ਕਾਰਜ ਕਰਦੇ ਰਹਿਣਗੇ। ਪ੍ਰੋ . ਬਲਜਿੰਦਰ ਸਿੰਘ ਨੇ ਕਿਹਾ ਕਿ ਹਿੰਮਤ ਐਨ.ਜੀ.ਓ ਇੱਕ ਅਜਿਹੀ ਸੰਸਥਾ ਹੈ ਜੋ ਸਮਾਜ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹੋਏ ਲੋੜਵੰਦਾ ਦੀ ਸੇਵਾ ਕਾਰਜ ਵਿੱਚ ਜੁਟੀ ਹੈ।

# ਮਾਂ ਪਰਮਾਤਮਾ ਦਾ ਇੱਕ ਅਨਮੋਲ ਤੋਹਫ਼ਾ : ਸਾਗਰ ਮੁਨੀ ਸ਼ਾਸਤਰੀ



ਅੰਮ੍ਰਿਤਸਰ, 12 ਮਈ (ਪ ਪ) ਮਨੁੱਖ ਇੱਕ ਸਮਾਜਿਕ ਜਾਨਵਰ ਹੈ। ਬ੍ਰਹਿਮੰਡ ਨੂੰ ਚਲਾਉਣ ਲਈ, ਪਰਮਾਤਮਾ ਨੇ ਬਹੁਤ ਸਾਰੇ ਰਿਸ਼ਤੇ ਬਣਾਏ ਹਨ, ਜਿਨ੍ਹਾਂ ਵਿੱਚੋਂ ਮਾਂ ਦਾ ਰਿਸ਼ਤਾ ਖਾਸ ਹੈ। ਚੌਕ ਪਾਸੀਆਂ ਵਿਖੇ ਸਥਿਤ ਸ਼੍ਰੀ ਜੈ ਕ੍ਰਿਸ਼ਨਾਈਅਨ ਦੇ ਪ੍ਰਾਚੀਨ ਮੰਦਰ ਵਿੱਚ ਅੰਤਰਰਾਸ਼ਟਰੀ ਮਾਂ ਦਿਵਸ ਮਨਾਇਆ ਗਿਆ। ਜਿਸ ਵਿੱਚ ਧਰਮ ਦੀ ਨੀਂਹ ਪ੍ਰਦਾਨ ਕਰਨ ਵਾਲੀ ਮਾਤ ਸ਼ਕਤੀ ਅੰਜਨਾ ਲੂਥਰਾ ਨੂੰ ਮੰਦਿਰ ਦੇ ਮੁੱਖੀ ਧਾਰਮਿਕ ਗੁਰੂ ਦਰਸ਼ਨਚਾਰੀਆ ਸਾਗਰ ਮੁਨੀ ਸ਼ਾਸਤਰੀ ਜੀ ਦੁਆਰਾ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਅੰਜਨਾ ਲੂਥਰਾ ਨੇ ਆਪਣਾ ਜੀਵਨ ਸਮਾਜ ਅਤੇ ਧਰਮ ਨੂੰ ਸਮਰਪਿਤ ਕਰ ਦਿੱਤਾ ਹੈ। ਸੰਗਤ ਨੂੰ ਸੰਬੋਧਨ ਕਰਦੇ ਹੋਏ, ਸ਼ਾਸਤਰੀ ਜੀ ਨੇ ਕਿਹਾ ਕਿ ਮਾਂ ਦੁਆਰਾ ਦਿੱਤੇ ਗਏ ਸੰਸਕਾਰ ਮਨੁੱਖੀ ਜੀਵਨ ਦੀ ਨੀਂਹ ਹਨ। ਬ੍ਰਹਮਵਿਦਿਆ ਸ਼ਾਸਤਰ ਵਿੱਚ, ਮਾਂ ਨੂੰ ਪਰਮਾਤਮਾ ਦੇ ਬਰਾਬਰ ਮੰਨਿਆ ਗਿਆ ਹੈ ਕਿਉਂਕਿ ਮਾਂ, ਪਤਨੀ, ਭੈਣ, ਦੋਸਤ ਅਤੇ ਅਧਿਆਪਕ ਦੇ ਰੂਪ ਵਿੱਚ ਇੱਕ ਔਰਤ ਪਰਿਵਾਰ ਅਤੇ ਸਮਾਜ ਨੂੰ ਇੱਕ ਦੂਜੇ ਨਾਲ ਜੋੜਦੀ ਹੈ। ਇਸ ਵੇਲੇ, ਬਿਰਧ ਆਸ਼ਰਮਾਂ ਦੀ ਗਿਣਤੀ ਵੱਧ ਰਹੀ ਹੈ ਕਿਉਂਕਿ ਬੱਚੇ ਵੱਡੇ ਹੋਣ ਤੋਂ ਬਾਅਦ ਆਪਣੇ ਮਾਪਿਆਂ ਦੀ ਦੇਖਭਾਲ ਨਹੀਂ ਕਰਦੇ, ਜੋ ਕਿ ਚੰਗਾ ਨਹੀਂ ਹੈ। ਜਿਵੇਂ ਸ਼ਰਵਣ ਨੇ ਆਪਣੇ ਮਾਪਿਆਂ ਦੀ ਸੇਵਾ ਕੀਤੀ, ਉਸੇ ਤਰ੍ਹਾਂ ਹਰ ਵਿਅਕਤੀ ਨੂੰ ਆਪਣੇ ਮਾਪਿਆਂ ਦੀ ਸੇਵਾ ਕਰਨੀ ਚਾਹੀਦੀ ਹੈ। ਇੱਕ ਮਾਂ ਦਾ ਆਪਣੇ ਬੱਚੇ ਲਈ ਪਿਆਰ ਨਿਰਸਵਾਰਥ ਹੁੰਦਾ ਹੈ। ਪ੍ਰੋਗਰਾਮ ਵਿੱਚ ਮੌਜੂਦ ਸਾਰੀਆਂ ਔਰਤਾਂ ਨੂੰ ਫੁੱਲਾਂ ਦੇ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਮੰਦਰ ਦੀ ਮੁੱਖ ਸੇਵਾਦਾਰ ਅੰਜਨਾ ਲੂਥਰਾ, ਪੂਜਾ ਸਰੀਨ, ਪੂਜਾ ਸ਼ਿੰਗਾਰੀ, ਗੌਤਮ ਸਰੀਨ, ਅਮਿਤ ਸ਼ਿੰਗਾਰੀ, ਸਿਧਾਂਤ, ਰਜਤ ਮਹਾਜਨ ਆਦਿ ਸ਼ਰਧਾਲੂ ਹਾਜ਼ਰ ਸਨ।

ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼ CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜ਼ਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ ਮੋ; 99845-37575





# ਇੰਸਪੈਕਟਰ ਜਗਦੀਪ ਸਿੰਘ ਨੇ ਮਖੂ ਥਾਣੇ ਦਾ ਚਾਰਜ ਸੰਭਾਲਿਆ ਤੇ ਮਖੂ ਦੀ ਪ੍ਰੈਸ ਐਸੋਸੀਏਸ਼ਨ ਦੇ ਪੱਤਰਕਾਰਾਂ ਨਾਲ ਕੀਤੀ ਮੀਟਿੰਗ

ਫਤਿਹ ਟਾਈਮਜ਼



ਮਖੂ, 12 ਮਈ (ਸ਼ਬੇਗ ਸਿੰਘ) ਮਖੂ ਥਾਣਾਂ ਦੇ ਪਹਿਲੇ ਇੰਚਾਰਜ ਇੰਸਪੈਕਟਰ ਗੁਰਜੰਟ ਸਿੰਘ ਦੀ ਬਦਲੀ ਹੋਣ ਤੋਂ ਬਾਅਦ ਨਵੇਂ ਆਏ ਇੰਸਪੈਕਟਰ ਜਗਦੀਪ ਸਿੰਘ ਨੇ ਮਖੂ ਥਾਣੇ ਦਾ ਚਾਰਜ ਸੰਭਾਲਦੇ ਹੀ ਕਈ ਪ੍ਰਾਪਤੀਆਂ ਨਸ਼ੇ ਦੇ ਕਾਰੋਬਾਰ ਕਰਨ ਵਾਲਿਆਂ ਤੇ ਕਾਨੂੰਨੀ ਕਾਰਵਾਈ ਕਰਕੇ ਨਸ਼ਾ ਵੇਚਣ ਵਾਲਿਆ ਵਿਚ ਦਹਿਸ਼ਤ ਪਾ ਦਿੱਤੀ ਹੈ। ਉਹਨਾਂ ਨੇ ਮਖੂ ਐਸੋਸ਼ੀਏਸ਼ਨ ਦੇ ਪੱਤਰਕਾਰ ਭਾਈ ਚਾਰੇ ਨਾਲ ਆਪਣੀ ਪਲੇਠੀ ਮੀਟਿੰਗ ਕੀਤੀ ਤੇ ਮਖੂ ਦੇ ਪੱਤਰਕਾਰਾ ਤੋਂ ਹਰ ਤਰ੍ਹਾਂ ਦੇ ਸਹਿਯੋਗ ਦੀ ਮੰਗ ਕੀਤੀ ।ਜਿਸ ਨੂੰ ਡਾਕਟਰ ਰਾਜੀਵ ਆਹੂਜਾ ਦਿਹਾਤੀ ਜਿਲ੍ਹਾਂ ਪ੍ਰਧਾਂਨ ਦੀ ਅਗਵਾਈ ਚਿ ਪ੍ਰੈਸ ਆਸੋਸ਼ੀਏਸਨ ਦੇ ਪੱਤਰਕਾਰਾਂ ਨੇ ਪੂਰਾ ਵਿਸ਼ਵਾਸ਼ ਦਿਵਾਇਆ ਕਿ ਅਸੀਂ ਸਾਰੇ ਪੱਤਰਕਾਰ ਪੁਲੀਸ ਪ੍ਰਸ਼ਾਸ਼ਨ ਦਾ ਜਿਥੇ ਸਹੀ ਬਣਦਾ ਹੋਇਆ ਹਰ ਸੰਭਵ ਤਰੀਕੇ ਨਾਲ ਸਹਿਯੋਗ ਕਰਾਂਗੇ ਤੇ ਮਖੂ ਵਿਚੋਂ ਚੋਰਾਂ, ਨਸ਼ਾ ਸੌਦਾਗਰਾ, ਤੇ ਹੋਰ ਕਰਿਮਨਿਲ ਵਿਅਕਤੀਆਂ ਬਾਰੇ ਪੁਲੀਸ ਪ੍ਰਸ਼ਾਸ਼ਨ ਦਾ ਪੂਰਾ ਸਹਿਯੋਗ ਕਰਾਂਗੇ। ਇਸ ਮੌਕੇ ਇੰਸਪੈਕਟਰ ਜਗਦੀਪ ਸਿੰਘ ਨੇ ਸ਼ਰਾਰਤੀ ਅਨਸਰਾਂ ਨੂੰ,ਭੂੰਡ ਆਸ਼ਕਾਂ, ਚੋਰੀ ਕਰਨ ਵਾਲੇ ਅਤੇ ਨਸ਼ਾ ਵੇਚਣ ਵਾਲਿਆਂ ਨੂੰ ਸਖਤ ਚਿਤਾਵਨੀ ਦਿੱਤੀ ਕਿ ਤੁਸੀਂ ਹੁਣ ਬਾਜ ਆ ਜਾਓ, ਜਾਂ ਮਖੂ ਦਾ ਇਲਾਕਾ ਛੱਡ ਦਿਓ , ਪਰ ਜੇ ਤੁਸੀ ਬਾਜ ਨਾਂ ਆਏ ਤਾ ਸਖਤ ਕਾਰਵਾਈ ਕੀਤੀ ਜਾਵੇਗੀ ,ਹਾਂ ਜੋ ਕੋਈ ਵਿਅਕਤੀ ਕਿਸੇ ਮਜਬੂਰੀ ਕਰਕੇ ਨਸ਼ੇ ਦੀ ਮਾਰ ਵਿਚ ਆ ਗਿਆ ਹੈ ਤਾਂ ਉਸਦੀ ਪੁਲੀਸ ਮੱਦਦ ਕਰੇਗੀ ਤੇ ਸਰਕਾਰੀ ਹਸਪਤਾਲ ਵਿਚ ਉਸਦਾ ਫਰੀ ਇਲਾਜ ਕਰਾ ਕੇ ਆਪਣਾ ਕਾਰੋਬਾਰ ਕਰਨ ਵਿਚ ਵੀ ਮਦਦ ਕਰ ਸਕਦੀ ਹੈ। ਇਸ ਮੌਕੇ ਜਿਲ੍ਹਾ ਦਿਹਾਤੀ ਪ੍ਰਧਾਂਨ ਡਾਕਟਰ ਰਾਜੀਵ ਆਹੂਜਾ, ਪ੍ਰਧਾਂਨ ਕੇਵਲ ਆਹੂਜਾ, ਸਕੱਤਰ ਸ਼ਬੇਗ ਸਿੰਘ, ਰੂਪ ਲਾਲ ਭੱਟੀ ਖਜਾਨਚੀ, ਮੀਤ ਪ੍ਰਧਾਂਨ ਲਖਵਿੰਦਰ ਸਿੰਘ ਵਾਹੀ, ਸੀਨੀਅਰ ਪੱਤਰਕਾਰ ਬਲਵੀਰ ਸਿੰਘ ਲਹਿਰਾ, ਕੁਲਵਿੰਦਰ ਸਿੰਘ ਸੰਧੂ, ਪ੍ਰੇਮ ਆਹੂਜਾ,ਅਰੂਸ਼ ਆਹੂਜਾ, ਮਖੂ ਥਾਣਾ ਦੇ ਮੁਖ ਮੁੱਨਸ਼ੀ ਰਣਜੀਤ ਸਿੰਘ ਆਦਿ ਹਾਜਰ ਸਨ।

ਸਫਾ 1 ਦੀ ਬਾਕੀ

## ਹਿੰਦ-ਪਾਕਿ ਦੇ ਹਾਕਮੋਂ ਜੰਗ ਰਾਂਹੀ ਨਿਰਦੋਸ਼ਾਂ ਦਾ........

ਫਤਿਹ ਟਾਈਮਜ਼ ਸਜ਼ਾ ਰੱਦ ਨਾ ਕਰਨੀ, ਕਾਨੂੰਨ ਦੀਆਂ ਧੱਜੀਆਂ ਉਡਾ ਕੇ ਬੰਦੀ ਸਿੱਖਾਂ ਦੀ ਰਿਹਾਈ ਨਾ ਕਰਨੀ ਵੀ ਅੱਤਵਾਦ ਹੈ। ਚੁਣੇ ਐਮ.ਪੀ. ਭਾਈ ਅੰਮ੍ਰਿਤਪਾਲ ਸਿੰਘ ਉੱਪਰ ਬਾਰ-ਬਾਰ ਐਨ.ਐਸ.ਏ. ਲਗਾ ਕੇ ਜ਼ੇਲ੍ਹ ਵਿੱਚ ਡੱਕਣਾ ਵੀ ਅੱਤਵਾਦ ਹੈ। ਪੰਜਾਬ ਦਾ ਪਾਣੀ, ਬਿਜਲੀ ਲੁੱਟਣਾ, ਇਲਾਕੇ ਖੋਹਣੇ ਵੀ ਅੱਤਵਾਦ ਹੈ। ਸਭ ਤੋਂ ਗਰੀਬ ਆਦਿਵਾਸੀਆਂ ਦੇ ਝੂਠੇ ਮੁਕਾਬਲੇ ਤੇ ਉਨ੍ਹਾਂ ਉੱਪਰ ਢਾਹਿਆ ਜਾ ਰਿਹਾ ਜ਼ੁਲਮ ਵੀ ਅੱਤਵਾਦ ਹੈ। ਗੁਰਧਾਮਾਂ-ਮਸਜ਼ਿਦਾਂ-ਮੰਦਰਾਂ ਉੱਪਰ ਹਮਲੇ ਅੱਤਵਾਦ ਹੈ। 2002 ਦਾ ਕਤਲੇਆਮ ਅੱਤਵਾਦ ਹੈ। ਫਲਸਤੀਨੀਆਂ, ਬਲੋਚਾਂ ਦਾ ਕਤਲੇਆਮ ਅੱਤਵਾਦ ਹੈ। ਜਥੇਬੰਦੀਆਂ ਨੇ ਕਿਹਾ ਕਿ ਜ਼ਹਿਰ ਬੀਜ ਕੇ ਅੰਮ੍ਰਿਤਕਾਲ ਨਹੀਂ ਆ ਸਕਦਾ। ਸਮੁੱਚੇ ਸੰਸਾਰ ਦੇ ਹਾਕਮਾਂ ਨੂੰ ਅਪੀਲ ਕੀਤੀ ਕਿ ਸ਼ੁਭ ਅਮਲਾਂ ਦਾ ਰਾਹ ਅਪਣਾ ਕੇ ਪ੍ਰਮਾਤਮਾ ਦੇ ਭਾਣੇ ਵਿੱਚ ਰਹਿ ਕੇ ਸੱਚੇ ਧਰਮੀ ਬਣਨਾ ਚਾਹੀਦਾ ਹੈ। ਸਰਬੱਤ ਦੇ ਭਲੇ ਦਾ ਰਾਹ ਅਪਣਾਉਣਾ ਚਾਹੀਦਾ ਹੈ ਤਾਂ ਕਿ ਮਨੁੱਖਤਾ ਦੇ ਕਤਲੇਆਮ ਦੀ ਬਜਾਏ ਮਨੁੱਖਤਾ ਦਾ ਕਲਿਆਣ ਹੋ ਸਕੇ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਸਿੱਖਾਂ, ਕਸ਼ਮੀਰੀਆਂ, ਆਦਿਵਾਸੀਆਂ, ਕਿਸਾਨਾਂ, ਗਰੀਬਾਂ ਨਾਲ ਸੰਵਾਦ ਰਚਾ ਕੇ ਸ਼ਾਂਤੀ ਦੇ ਰਾਹ ਪੈਣਾ ਚਾਹੀਦਾ ਹੈ, ਔਰੰਗਜ਼ੇਬ ਦਾ ਰਾਹ ਛੱਡਣਾ ਚਾਹੀਦਾ ਹੈ।

ਸਫਾ 1 ਦੀ ਬਾਕੀ

## ਭਾਰਤੀ ਕਿਸਾਨ ਯੂਨੀਅਨ ਪੰਜਾਬ ਬਲਾਕ ਮਖੂ ਦੇ.......

ਫਤਿਹ ਟਾਈਮਜ਼ ਜਾਮ ਕਰਨ ਵਾਲੇ ਕਿਸਾਨਾਂ ਨੂੰ ਮੈਂ ਧਰਨਾਂ ਨਹੀਂ ਲੱਗਾਉਣ ਦੇਵਾਂਗਾ ਵਰਗੇ ਐਲਾਣ ਕਰ ਰਹੇ ਹੋ ਤੇ ਦੂਸਰੇ ਪਾਸੇ ਕਿਸਾਨ ਜਥੇਬੰਦੀਆਂ ਨੂੰ ਸਾਥ ਦੇਣ ਲਈ ਕਹਿ ਰਹੇ ਹੋ। ਭਗਵੰਤ ਸਿੰਘ ਮਾਨ ਸਾਹਬ ਜੋ ਤੁਸੀ ਐਸ ਕੇ ਐਮ ਪੰਜਾਬ ਦੇ ਸੰਘਰਸ਼ ਨੂੰ ਤਾਰਪੀਡੋ ਕੇਂਦਰ ਦੀ ਭਾਜਪਾ ਸਰਕਾਰ ਨਾਲ ਮਿਲ ਕੇ ਕੀਤਾ ਹੈ ।ਐਸ ਕੇ ਐਮ ਪੰਜਾਬ ਦੇ ਕਿਸਾਨ 84 ਦੇ ਜਖਮਾਂ ਵਾਗੂੰ ਯਾਦ ਰੱਖਣਗੇ।ਉਹਨਾ ਭਗਵੰਤ ਮਾਨ ਦੀ ਸਰਕਾਰ ਤੇ ਕੇਂਦਰ ਸਰਕਾਰਾਂ ਨੂੰ ਅਪੀਲ ਕੀਤੀ ਕਿ ਜੋ ਸਾਡੀਆਂ ਮੰਗਾਂ ਪਹਿਲਾਂ ਹਨ ,ਜਿਵੇਂ ਜੋ ਜੰਗ ਦੀ ਦਹਿਸ਼ਤ ਨਾਲ ਲੋਕ ਘਰੋਂ ਬੇ ਘਰ ਹੋਏ, 2024 ਵਿਚ ਜਿੰਨ੍ਹਾਂ ਦੀਆ ਫਸਲਾ ਹੜ੍ਹਾਂ ਨਾਲ ਨੁਕਸਾਨੀਆਂ ਗਈਆ, ਉਹਨਾਂ ਨੂੰ ਮੁਆਵਜਾ, ਜਿੰਨ੍ਹਾਂ ਕਿਸਾਨਾਂ ਦੀਆਂ ਕਣਕ ਦੀਆਂ ਫਸਲਾਂ ਸੜਕੇ ਸਵਾਹ ਹੋ ਗਈਆਂ ਹਨ ,ਤੇ ਕਈ ਜਾਂਨਾਂ ਗਈਆਂ ਹਨ ਉਹਨਾਂ ਨੂੰ ਮੁਆਵਜਾ ਦਿੱਤਾ ਜਾਵੇ ।ਜੋ ਨਹਿਰਾਂ ਦਾ ਪਾਣੀ ਟੈਲਾਂ ਤੱਕ ਪਹੁੰਚਾਣ ਦੇ ਬਹਾਨੇ ਨਹਿਰਾਂ ਪੱਕੀਆਂ ਪਰ ਛੋਟੀਆਂ ਕਰਕੇ ਕਿਸਾਨਾਂ ਦੀ ਜਮੀਨ ਨੂੰ ਲੱਗਣ ਪਾਣੀ ਲਈ ਦਹਾਨੈ ਛੋਟੇ ਕਰ ਦਿੱਤੇ ਹਨ, ਉਹਨਾਂ ਵੱਲ ਧਿਆਨ ਦਿਓ ।ਬਾਕੀ ਅੱਜ ਸਾਰੇ ਕਿਸਾਨ ਤੇ ਆਗੂ ਪੜ੍ਹੇ ਲਿਖੇ ਹਨ ਅਤੇ ਕਿਸੇ ਛਲਾਵੇ ਵਿਚ ਆਉਣ ਵਾਲੇ ਨਹੀਂ ਹਨ।ਅਸੀਂ ਤਾਂ ਸੰਯੁਕਤ ਕਿਸਾਨ ਮੋਰਚੇ ਦੇ ਹੁਕਮਾਂ ਦਾ ਇੰਤਜਾਰ ਕਰ ਰਹੇ ਹਾਂ ਜਦ ਵੀ ਸਾਨੂੰ ਆਰਡਰ ਮਿਲ ਗਿਆ ਅਸੀਂ ਆਪੇ ਧਰਨੇ ਲਾ ਦੇਣੇ ਹਨ ।ਉਹਨਾਂ ਲੱਗਣ ਵਾਲੇ ਧਰਨਿਆ ਨੂੰ ਨਾਂ ਤਾ ਕੇਂਦਰ ਸਰਕਾਰ ਰੋਕ ਸਕੇਗੀ ਤੇ ਨਾਂ ਹੀ ਭਗਵੰਤ ਮਾਨ ਦੀ ਪੰਜਾਬ ਸਰਕਾਰ। ਇਸ ਮੌਕੇ ਸਰਪ੍ਰਸਤ ਪ੍ਰਧਾਂਨ ਪੰਜਾਬ ਬਾਪੂ ਗੁਰਦੇਵ ਸਿੰਘ ਵਾਰਸਵਾਲਾ, ਸੀਨੀਅਰ ਮੀਤ ਪ੍ਰਧਾਂਨ ਪੰਜਾਬ ਜੋਗਿੰਦਰ ਸਿੰਘ ਸਭਰ੍ਹਾ,ਬਲਾਕ ਪ੍ਰਧਾਂਨ ਮਖੂ ਨਿਸ਼ਾਨ ਸਿੰਘ ਗਿੱਲ ਫੌਜੀ, ਪ੍ਰੈਸ ਸਕਤਰ ਪੰਜਾਬ ਸ਼ਬੇਗ ਸਿੰਘ, ਜਿਲ੍ਹਾ ਮੀਤ ਪ੍ਰਧਾਂਨ ਨਸੀਬ ਸਿੰਘ ਗੱਟਾ ਬਾਦਸ਼ਾਹ , ਗੁਰਮੀਤ ਸਿੰਘ ,ਅਮਰਜੀਤ ਸਿੰਘ,ਪੂਰਨ ਸਿੰਘ ਨਿਜਾਮੀ ਵਾਲਾ , ਕਸ਼ਮੀਰ ਸਿੰਘ ਰਸੂਲਪੁਰ ਪੰਜਾਬ ਵਰਕਿੰਗ ਕਮੇਟੀ ਪੰਜਾਬ, ਜਿਲ੍ਹਾ ਮੀਤ ਪ੍ਰਧਾਂਨ ਪੰਜਾਬ ਜਰਨੈਲ ਸਿੰਘ ਕਨੇਡੀਅਨ,ਅਮਰੀਕ ਸਿੰਘ ਨੰਬਰਦਾਰ,ਡਾ ਬਲਵੰਤ ਸਿੰਘ ਸ਼ੀਹਾਂਪਾੜੀ,ਯੂਥ ਆਗੂ ਗੁਰਪ੍ਰੀਤ ਸਿੰਘ, ਨਿਸ਼ਾਂਨ ਸਿੰਘ, ਸੁਰਿੰਦਰ ਸਿੰਘ,ਗੁਰਮੇਜ ਸਿੰਘ ਪੀਰ ਮੁਹੰਮਦ, ਬਗੀਚਾ ਸਿੰਘ ਲਹਿਰਾ, ਬਲਾਕ ਪ੍ਰਧਾਂਨ ਗੁਰਪਾਲ ਸਿੰਘ ਸਰਪੰਚ ਫਤਿਹਗੜ੍ਹ ਸਭਰ੍ਹਾ,ਅਮਰੀਕ ਸਿੰਘ ਅਮੀਵਾਲਾ ਇਕਾਈ ਪ੍ਰਧਾਂਨ ,ਸੁਖਵਿੰਦਰ ਸਿੰਘ ਮਖੂ, ਮਨਜੀਤ ਸਿੰਘ,ਮਨਜਿੰਦਰ ਸਿੰਘ ,ਬਲਵਿੰਦਰ ਸਿੰਘ, ਬਹਿਕ ਗੁਜਰਾਂ,ਟਹਿਲ ਸਿੰਘ ਬਾਹਰਵਾਲੀ, ਗੁਰਦੇਵ ਸਿੰਘ , ਬਲਵਿੰਦਰ ਸਿੰਘ , ਅਵਤਾਰ ਸਿੰਘ ਫੌਜੀ, ਦਰਸ਼ਨ ਸਿੰਘ ਕੈਨਾਲ ਕਲੋਨੀ, ਬਾਬਾ ਬਲਬੀਰ ਸਿੰਘ ਜੱਗੇਵਾਲਾ,ਬਲਵੀਰ ਸਿੰਘ ਇਕਾਈ ਪ੍ਰਧਾਂਨ ਵਸਤੀ ਵਸਾਵਾ, ਆਦਿ ਹੋਰ ਬਹੁਤ ਸਾਰੇ ਕਿਸਾਨ ਤੇ ਆਗੂ ਹਾਜਰ ਸਨ।

ਸਫਾ 1 ਦੀ ਬਾਕੀ

## ਪੰਜਾਬ ਦੀ ਮੁੰਡਿਆਂ ਅਤੇ ਕੁੜੀਆਂ ਦੀ ਗੱਤਕਾ ਟੀਮ.....

ਫਤਿਹ ਟਾਈਮਜ਼ ਨੇ ਗੱਤਕਾ ਫੈਡਰੇਸ਼ਨ ਆਫ਼ ਇੰਡੀਆ ਦੇ ਜਨਰਲ ਸਕੱਤਰ ਸ. ਬਲਜਿੰਦਰ ਸਿੰਘ ਤੂਰ, ਗੱਤਕਾ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਸ. ਰਜਿੰਦਰ ਸਿੰਘ ਸੋਹਲ (ਪੀ.ਪੀ.ਐੱਸ) ਅਤੇ ਮੀਤ ਪ੍ਰਧਾਨ ਸ. ਦਵਿੰਦਰ ਸਿੰਘ ਜੁਗਨੀ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਦੀ ਪ੍ਰੇਰਣਾ ਅਤੇ ਸਹਿਯੋਗ ਨਾਲ ਪੰਜਾਬ ਦੀ ਟੀਮ ਨੇ ਇਹ ਉਪਲਬਧੀ ਹਾਸਲ ਕੀਤੀ।

ਸਫਾ 1 ਦੀ ਬਾਕੀ

## ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ 546 ਵਾਂ........

ਫਤਿਹ ਟਾਈਮਜ਼

ਦੀ ਸਥਾਪਨਾ ਕਰਵਾ ਕੇ ਜਾਤ-ਪਾਤ ਤੇ ਊਚ ਨੀਚ ਦੇ ਭੇਦ ਭਾਵ ਨੂੰ ਖਤਮ ਕਰਨ ਦਾ ਸੰਦੇਸ਼ ਦਿੱਤਾ।ਹੈਡ ਗ੍ਰੰਥੀ ਗਿਆਨੀ ਗੁਰਮੁਖ ਸਿੰਘ ਜੀ ਨੇ ਦੱਸਿਆ ਕਿ ਸ੍ਰੀ ਗੁਰੂ ਅਮਰਦਾਸ ਜੀ ਦੀ ਵਸਾਈ ਨਗਰੀ ਦਾ ਗੁਰਦਵਾਰਾ ਸ੍ਰੀ ਬਾਉਲੀ ਸਾਹਿਬ ਪੂਰੇ ਵਿਸ਼ਵ ਵਿੱਚ ਸਿੱਖੀ ਦੇ ਧੁਰੇ ਵਜੋਂ ਜਾਣਿਆ ਜਾਂਦਾ ਹੈ ਇਹ 8 ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ ਧਰਤੀ ਹੈ ਜਿਸ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਸੰਮਤ 1609 ਬਿਕਰਮੀ ਨੂੰ ਵਸਾਇਆ ਸੀ।ਹੈਡ ਗ੍ਰੰਥੀ ਗਿਆਨੀ ਗੁਰਮੁਖ ਸਿੰਘ ਵੱਲੋਂ ਸੰਗਤਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸਾਏ ਮਾਰਗ ਤੇ ਚੱਲਣ ਦੀ ਅਪੀਲ ਕੀਤੀ।

ਗੁਰਦੁਆਰਾ ਬਾਉਲੀ ਸਾਹਿਬ ਦੇ ਸੁੰਦਰ ਸੱਜੇ।ਦੀਵਾਨ ਹਾਲ ਵਿਖੇ ਸ਼ਾਮ ਸਮੇਂ ਦੇ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿੱਚ ਸ਼ੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਵੱਡੀ ਗਿਣਤੀ ਵਿਚ ਸੰਤਾਂ-ਮਹਾਂਪੁਰਖਾਂ ਅਤੇ ਸੰਗਤਾਂ ਨੇ ਨਤਮਸਤਕ ਹੋ ਕੇ ਧਾਰਮਿਕ ਦੀਵਾਨ ਵਿਚ ਹਾਜਰੀਆਂ ਭਰ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਦੌਰਾਨ ਗੁਰਦਵਾਰਾ ਬਾਉਲੀ ਸਾਹਿਬ ਦੇ ਹਜੂਰੀ ਰਾਗੀ ਜੱਥਿਆਂ ਵੱਲੋਂ ਸਮੂਹਿਕ ਤੌਰ ਰਸ ਭਿੰਨੇ ਕੀਰਤਨ ਰਾਹੀਂ ਗੁਰਬਾਣੀ ਕੀਰਤਨ ਦੀ ਸ਼ਹਿਬਰ ਲਗਾਈ ਅਤੇ ਹਰਿਮੰਦਿਰ ਸਾਹਿਬ ਅਮ੍ਰਿਤਸਰ ਦੇ ਹਜੂਰੀ ਰਾਗੀ ਭਾਈ ਕੰਵਲਦੀਪ ਸਿੰਘ ਵੱਲੋਂ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਮਿਲਖਾ ਸਿੰਘ ਮੌਜੀ, ਭਾਈ ਗੁਰਿੰਦਰਪਾਲ ਸਿੰਘ ਬੈਂਕਾਂ ਭਾਈ ਭਗਵੰਤ ਸਿੰਘ ਸੂਰਵਿੰਡ ਦੇ ਢਾਡੀ ਜੱਥੇ ਵੱਲੋਂ ਢਾਡੀ ਵਾਰਾਂ ਰਾਹੀਂ ਗੁਰੂ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਭਾਈ ਹਰਪਾਲ ਸਿੰਘ ਜੀ ਹੈਡ ਗ੍ਰੰਥੀ ਗੁਰਦੁਆਰਾ ਫਤਹਿਗੜ੍ਹ ਸਾਹਿਬ ਵੱਲੋਂ ਗੁਰੂ ਅਮਰਦਾਸ ਜੀ ਵੱਲੋਂ ਛੂਤ-ਛਾਤ ਤੇ ਹੋਰ ਸਮਾਜਿਕ ਬੁਰਾਈਆਂ ਦੂਰ ਕਰਨ ਲਈ ਕੀਤੇ ਯਤਨਾਂ ਦਾ ਵਿਸਥਾਰ ਨਾਲ ਵਰਨਣ ਕੀਤਾ।ਗਿਆਨੀ ਕੇਵਲ ਸਿੰਘ ਮਹਿਤਾ ਦੇ ਕਵੀਸ਼ਰੀ ਜੱਥੇ ਵੱਲੋਂ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਸਬੰਧੀ ਪ੍ਰਸੰਗ ਸੁਣਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਪੁੱਜਣ ਵਾਲੀਆਂ ਪ੍ਰਮੁੱਖ ਸ਼ਖਸ਼ੀਅਤਾਂ, ਸੰਤਾਂ-ਮਹਾਂਪੁਰਖਾਂ ਅਤੇ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਚ ਸਹਿਯੋਗੀ ਸੰਸਥਾਵਾਂ ਨੂੰ ਗੁਰਦੁਆਰਾ ਮੈਨਜਰ ਗੁਰਾ ਸਿੰਘ ਮਾਨ ਤੇ ਅਡੀਸ਼ਨਲ ਮੈਨੇਜਰ ਸਰਬਜੀਤ ਸਿੰਘ ਹੋਰਨਾਂ ਵਲੋਂ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰੂ ਘਰ ਦੇ ਸ਼ਰਧਾਲੂਆਂ ਵਲੋਂ ਸਮਾਗਮ ਵਿਚ ਆਈਆ ਸੰਗਤਾਂ ਲਈ ਥਾਂ-ਥਾਂ ਤੇ ਲੰਗਰ ਅਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆ ਗਈਆ।ਸਮੁੱਚੇ ਗੁਰਦੁਆਰਾ ਕੰਪਲੈਕਸ ਨੂੰ ਰੰਗ ਬਿਰੰਗੇ ਫੁਲਾਂ ਅਤੇ ਰੋਸ਼ਨੀਆਂ ਨਾਲ ਸਜਾਇਆ ਗਿਆ ਜਿਸ ਨੇ ਸੰਗਤਾਂ ਦਾ ਮਨ ਮੋਹ ਲਿਆ।ਇਸ ਮੌਕੇ ਗੁਰਾ ਸਿੰਘ ਮਾਨ ਮੈਨੇਜਰ,ਸਰਬਜੀਤ ਸਿੰਘ ਐਡੀਸ਼ਨਲ ਮੈਨੇਜਰ,ਸੁਖਦੇਵ ਸਿੰਘ ਅਕਾਊਟੈਂਟ,ਸੁਖਦੇਵ ਸਿੰਘ ਗੁਰਦੁਆਰਾ ਇੰਸਪੈਕਟਰ,ਭਾਈ ਗੁਰਮੁਖ ਸਿੰਘ ਹੈੱਡ ਗ੍ਰੰਥੀ,ਪਰਮਜੀਤ ਸਿੰਘ ਖਜਾਨਚੀ,ਰਛਪਾਲ ਸਿੰਘ ਰਿਕਾਰਡ ਕੀਪਰ,ਸਤਬੀਰ ਸਿੰਘ ਰਿਕਾਰਡ ਕੀਪਰ,ਗੁਰਦੇਵ ਸਿੰਘ ਘੜਕਾ,ਭਾਈ ਕੁਲਵੰਤ ਸਿੰਘ ਸਾਬਕਾ ਹੈਡ ਗ੍ਰੰਥੀ,ਰਣਜੀਤ ਸਿੰਘ ਗ੍ਰੰਥੀ, ਗੁਰਜੀਤ ਸਿੰਘ ਸਟੋਰ ਕੀਪਰ,ਭਾਈ ਮਨਜੀਤ ਸਿੰਘ ਸਟੋਰ ਕੀਪਰ ਤੇ ਹੋਰ ਸਟਾਫ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।









Editor,Owner and Publisher Sarbjot Singh Khalsa on behalf of Fateh Times online news and media company Regd:PB22000167,Published from Fateh Times H/O Mankdeka Road , Fatehabad,(Tarntaran) 143407

ਅਦਾਲਤੀ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕੇਵਲ ਲੋਕਲ ਸਬ ਡਵੀਜਨ ਖਡੂਰ ਸਾਹਿਬ ਵਿਖੇ ਹੀ ਹੋਵੇਗਾ।

# ਚੇਅਰਮੈਨ ਪਰਮਜੀਤ ਸਿੰਘ ਰਾਜਵੰਸ ਦੀ ਅਗਵਾਈ 'ਚ ਵੱਡਾ ਕਾਫਲਾ ਨੰਗਲ ਭਾਖੜੇ ਡੈਮ ਤੇ ਪਹੁੰਚਿਆ




ਫਤਿਹ ਟਾਈਮਜ਼

ਭੋਗਪੁਰ, 12 ਮਈ (ਪੀ ਸੀ ਰਾਜਪੂਤ) ਆਦਮਪੁਰ ਮੰਡੀ ਬੋਰਡ ਦੇ ਚੇਅਰਮੈਨ ਪਰਮਜੀਤ ਸਿੰਘ ਰਾਜ ਵੰਸ ਦੀ ਅਗਵਾਈ ਹੇਠ ਪਾਣੀ ਦੇ ਮਸਲਿਆਂ ਦੇ ਸੰਬੰਧ ਵਿੱਚ ਸੈਂਟਰ ਸਰਕਾਰ ਦੇ ਖਿਲਾਫ ਰੋਸ ਮਾਰਚ ਲਈ ਵੱਡਾ ਕਾਫਲਾ ਲੈ ਕੇ ਨੰਗਲ ਭਾਖੜੇ ਡੈਮ ਤੇ ਪਹੁੰਚਿਆ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਨੰਗਲ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਰੋਸ ਮਾਰਚ ਵਿੱਚ ਹਿੱਸਾ ਲਿਆ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਪੰਜਾਬ ਦੇ ਪਾਣੀ ਨੂੰ ਚੋਰੀ ਹੋਣ ਤੋਂ ਰੋਕਣ ਦੀ ਮੰਗ ਕੀਤੀ ਕਿਹਾ ਕਿ ਪੰਜਾਬ ਦਾ ਪਾਣੀ ਬਾਹਰ ਨਹੀਂ ਜਾਣ ਦਿੱਤਾ ਜਾਵੇਗਾਕਿਉਂਕਿ ਪੰਜਾਬ ਦੇ ਕੋਲ ਪਾਣੀ ਦੀ ਇੱਕ ਵੀ ਬੂੰਦ ਵਾਧੂ ਨਹੀਂ ਹੈਂ ਇਸ ਮੌਕੇ ਤੇ ਹਲਕਾ ਆਦਮਪੁਰ ਦੇ ਇੰਚਾਰਜ ਜੀਤ ਲਾਲ ਭੱਟੀ ਤੇ ਪ੍ਰਿੰਸੀਪਲ ਪ੍ਰੇਮ ਕੁਮਾਰ ਹਲਕਾ ਇੰਚਾਰਜ ਨੇ ਵੀ ਪੰਜਾਬ ਪਾਣੀ ਦੇ ਮਸਲਿਆਂ ਬਾਰੇ ਬੋਲਿਆ ਪਾਣੀ ਦੀ ਰੱਖਿਆ ਕਰਨ ਦੀ ਮੰਗ ਕਿਹਾ ਇਸ ਮੌਕੇ ਤੇ ਆਮ ਆਦਮੀ ਪਾਰਟੀ ਦੇ ਆਗੂ, ਵਰਕਰ ਪਿੰਡਾਂ ਦੇ ਪੰਚ ਸਰਪੰਚ ਤੇ ਬਲਾਕ ਪ੍ਰਧਾਨ ਭਾਰੀ ਗਿਣਤੀ ਵਿੱਚ ਨੰਗਲ ਡੈਮ ਤੇ ਪਹੁੰਚੇ।

# ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਮੈਨੇਜਰ ਜਤਿੰਦਰਪਾਲ ਸਿੰਘ ਦਾ ਸਾਬਕਾ ਮੁਲਾਜ਼ਮਾ ਵੱਲੋਂ ਸਨਮਾਨ

ਫਤਿਹ ਟਾਈਮਜ਼



ਅੰਮ੍ਰਿਤਸਰ, 12 ਮਈ (ਪ ਪ) ਪਿਛਲੇ ਲੰਮੇ ਸਮੇਂ ਤੋਂ ਵੱਖ ਵੱਖ ਅਹੁੱਦਿਆਂ ਤੇ ਰਹਿ, ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਨਿਭਾ ਰਹੇ ਭਾਈ ਜਤਿੰਦਰਪਾਲ ਸਿੰਘ ਨੂੰ ਬਦਲ ਕੇ ਕੁਝ ਦਿਨ ਪਹਿਲਾਂ ਬਾਬਾ ਦੀਪ ਸਿੰਘ ਜੀ ਦੇ ਅਸਥਾਨ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਜੀ ਵਿਖੇ ਬਤੌਰ ਮੈਨੇਜਰ ਲਗਾਇਆ ਗਿਆ ਹੈ। ਸੇਵਾ ਸੰਭਾਲਣ ਉਪਰੰਤ ਜਿੱਥੇ ਵੱਖ-ਵੱਖ ਸਭਾ, ਸੁਸਾਇਟੀਆਂ, ਸੰਗਤਾਂ ਅਤੇ ਸਟਾਫ ਵੱਲੋਂ ਨਵ-ਨਿਯੁਕਤ ਮੈਨੇਜਰ ਜਤਿੰਦਰਪਾਲ ਸਿੰਘ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ। ਉੱਥੇ ਹੀ ਅੱਜ ਵਿਸ਼ੇਸ਼ ਤੌਰ ਤੇ ਸਾਬਕਾ ਮੁਲਾਜ਼ਮਾ ਜਿਨਾਂ ਦੇ ਨਾਲ ਵਿਸ਼ੇਸ਼ ਕਰ ਸ਼੍ਰੋਮਣੀ ਕਮੇਟੀ ਮੈਂਬਰ ਬਾਵਾ ਸਿੰਘ ਗੁਮਾਨਪੁਰਾ, ਭਾਈ ਸੁਖਦੇਵ ਸਿੰਘ ਤੁੱੜ, ਭਾਈ ਮੁਖਤਿਆਰ ਸਿੰਘ ਕੁਹਾੜਕਾ, ਇੰਦਰਪਾਲ ਸਿੰਘ, ਭਾਈ ਤਰਲੋਚਨ ਸਿੰਘ, ਭਾਈ ਇੰਦਰਜੀਤ ਸਿੰਘ ਬਾਗੀ, ਸੇਵਾਦਾਰ ਹਰਪਾਲ ਸਿੰਘ ਭੂਰਾ, ਆਦਿ ਸਾਥੀਆਂ ਵੱਲੋਂ ਨਵ-ਨਿਯੁਕਤ ਮੈਨੇਜਰ ਜਥੇ: ਜਤਿੰਦਰਪਾਲ ਸਿੰਘ ਨੂੰ ਸਿਰੋਪਾਓ ਅਤੇ ਸ੍ਰੀ ਸਾਹਿਬ ਦੇ ਕੇ ਸਨਮਾਨਿਤ ਕੀਤਾ ਗਿਆ। ਗੱਲਬਾਤ ਦੌਰਾਨ ਭਾਈ ਸੁਖਦੇਵ ਸਿੰਘ ਤੁੱੜ ਅਤੇ ਭਾਈ ਕੁਹਾੜਕਾ ਨੇ ਕਿਹਾ ਕਿ ਮੈਨੇਜਰ ਜਤਿੰਦਰਪਾਲ ਸਿੰਘ ਵੱਲੋਂ ਇੱਕ ਇਮਾਨਦਾਰ ਪ੍ਰਬੰਧਕ ਹੋਣ ਨਾਤੇ ਪਿਛਲੇ ਸਮੇਂ ਚ ਨਿਭਾਈਆਂ ਸੇਵਾਵਾਂ ਸ਼ਲਾਘਾਯੋਗ ਹਨ ਅਤੇ ਬਾਬਾ ਦੀਪ ਸਿੰਘ ਜੀ ਆਪ ਹੀ ਕਿਰਪਾ ਕਰਕੇ ਮੈਨੇਜਰ ਜਤਿੰਦਰਪਾਲ ਸਿੰਘ ਪਾਸੋਂ ਸਿਰ ਤੇ ਮਿਹਰ ਭਰਿਆ ਹੱਥ ਰੱਖ ਕੇ ਆਪ ਹੀ ਚੜ੍ਹਦੀ ਕਲਾ ਨਾਲ ਸੇਵਾਵਾਂ ਲੈ ਲੈਣ। ਇਸ ਮੌਕੇ ਮੈਨੇਜਰ ਜਤਿੰਦਰਪਾਲ ਸਿੰਘ ਨੇ ਕਿਹਾ ਕਿ ਬਾਬਾ ਦੀਪ ਸਿੰਘ ਜੀ ਨੇ ਕਿਰਪਾ ਕਰਕੇ ਇਹ ਜੋ ਸੇਵਾ ਬਖਸ਼ੀ ਹੈ ਉਸ ਲਈ ਮੈਂ ਹਮੇਸ਼ਾ ਤੱਤਪਰ ਰਹਾਂਗਾ। ਉਨਾਂ ਕਿਹਾ ਕਿ ਗੁਰੂ ਘਰ ਦੇ ਪ੍ਰਬੰਧ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਹੋਰ ਵੀ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਉਹਨਾਂ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪ੍ਰਬੰਧ ਪ੍ਰਤੀ ਸਮੂਹ ਸੰਗਤਾਂ ਹੋਰ ਵੀ ਵੱਧ ਚੜ ਕੇ ਸਹਿਯੋਗ ਕਰਨ ਤਾਂ ਜੋ ਗੁਰੂ ਘਰ ਦੇ ਪ੍ਰਬੰਧ ਨੂੰ ਹੋਰ ਵੀ ਚੜ੍ਹਦੀ ਕਲਾ ਅਤੇ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ।


## ਪੱਤਰਕਾਰਾਂ ਦੀ ਲੋੜ

ਅਦਾਰਾ ਫਤਿਹ ਟਾਈਮਜ਼ ਨੂੰ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਕਸਬਿਆਂ ਤੋਂ ਪੜ੍ਹੇ ਲਿਖੇ ਰਿਪੋਰਟਰਾਂ ਦੀ ਲੋੜ ਹੈ ਚਾਹਵਾਨ ਹੇਠ ਦਿੱਤੇ ਨੰਬਰ ਤੇ ਸੰਪਰਕ ਕਰਨ ।

ਮੋ:99885-37575


# ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਤੇ ਜੂਨ 1984 ਦੇ ਚਸ਼ਮਦੀਦ ਗਵਾਹ ਗਿਆਨੀ ਮੋਹਣ ਸਿੰਘ ਚਲ ਵੱਸੇ

## ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਦਾ ਵਿਛੋੜਾ ਅਕਿਹ ਅਤੇ ਅਸਿਹ :ਸ੍ਰ ਸੁਖਰਾਜ ਸਿੰਘ

ਫਤਿਹ ਟਾਈਮਜ਼



ਅੰਮ੍ਰਿਤਸਰ, 12 ਮਈ (ਪ ਪ) ਪੰਥਕ ਹਲਕਿਆਂ ਵਿਚ ਇਹ ਖ਼ਬਰ ਬੜੇ ਹੀ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਸ੍ਰੀ ਦਰਬਾਰ ਸਾਹਿਬ ਜੀ ਦੇ ਸਾਬਕਾ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਪੰਜ ਭੂਤਕ ਚੋਲ਼ਾ ਤਿਆਗ ਕੇ ਇਸ ਫਾਨੀ ਸੰਸਾਰ ਤੋਂ ਕੂਚ ਕਰ ਗਏ। ਇਹਨੀਂ ਦਿਨੀਂ ਉਹ ਆਪਣੇ ਸੱਤ ਸਮੁੰਦਰੋ ਪਾਰ ਵਸਦੇ ਸਪੁੱਤਰ ਕੋਲ ਵੈਨਕੂਵਰ ਵਿਖੇ ਰਹਿ ਰਹੇ ਸਨ ਜਿਥੇ ਉਹਨਾ ਆਖ਼ਰੀ ਸਾਹ ਲਏ। ਗਿਆਨੀ ਮੋਹਣ ਸਿੰਘ ਦਾ ਜਨਮ ਰਾਏਕੋਟ ਨੇੜਲੇ ਪਿੰਡ ਰਾਜਗੜ੍ਹ ਵਿਖੇ ਹੋਇਆ। ਉਹ ਕਰੀਬ 1985 ਤੋ 1966 ਵਿਚ ਰਾਜੇ ਮਹਾਰਾਜਿਆਂ ਦੇ ਸ਼ਹਿਰ ਪਟਿਆਲਾ ਸਥਿਤ ਸੁਸ਼ੋਭਿਤ ਗੁਰਦੁਆਰਾ ਸ੍ਰੀ ਦੁੱਖ ਨਿਵਾਰਣ ਸਾਹਿਬ ਵਿਖੇ ਬਤੌਰ ਗ੍ਰੰਥੀ ਭਰਤੀ ਹੋਏ ਸਨ ਜਿਥੇ ਲੰਬਾ ਸਮਾਂ ਸੇਵਾ ਨਿਭਾਈ ।ਉਪਰੰਤ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਦੀ ਸੇਵਾ ਨਿਭਾਉਣ ਦਾ ਸੁਭਾਗ ਪ੍ਰਾਪਤ ਹੋਇਆ। ਉਹ ਲੋਹ ਪੁਰਸ਼ ਵਜੋਂ ਜਾਣੇ ਜਾਂਦੇ ਸਚਖੰਡ ਵਾਸੀ ਸ੍ ਜਗਦੇਵ ਸਿੰਘ ਤਲਵੰਡੀ ਦੇ ਅਤਿਅੰਤ ਨਿਕਟਵਰਤੀਆਂ ਵਿਚੋਂ ਇਕ ਸਨ। ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੀ ਨੇ ਧਾਰਮਿਕ ਜਥੇਬੰਦੀ ਦਮਦਮੀ ਟਕਸਾਲ ਦੇ ਵੱਡੇ ਮਹਾਂਪੁਰਖ ਗੁਰਪੁਰ ਵਾਸੀ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਪਾਸੋ ਵਿਦਿਆ ਪ੍ਰਾਪਤ ਕੀਤੀ। ਪਿਛਲੇ ਸਮੇਂ ਉਹਨਾਂ ਆਪਣੀ ਜਾਇਦਾਦ ਸ੍ਰੀ ਦਰਬਾਰ ਸਾਹਿਬ ਦੇ ਨਾਮ ਲਗਾਕੇ ਗੁਰੂ ਪ੍ਰਤੀ ਸਮਰਪਣ ਭਾਵਨਾ ਦਿਖਾਈ ਜੋ ਸਿੱਖ ਕੌਮ ਲਈ ਪ੍ਰੇਰਣਾਦਾਇਕ ਰਹੇਗੀ। ਸੇਵਾ ਅਤੇ ਤਿਆਗ ਭਾਵਨਾ, ਗੁਰੂ ਘਰ ਦੀ ਸੇਵਾ ਕਰਨ ਦਾ ਜੋ ਸੁਭਾਗ ਪ੍ਰਾਪਤ ਹੋਇਆ ਉਹ ਕਿਸੇ ਵਿਰਲੇ ਮਨੁੱਖ ਦੇ ਹਿਸੇ ਆਉਂਦਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ੍ ਗੁਰੂ ਰਾਮਦਾਸ ਲੰਗਰ ਹਾਲ ਦੇ ਬਤੌਰ ਮੈਨੇਜਰ,ਰਹਿ ਚੁੱਕੇ ਸ੍ ਸੁਖਰਾਜ ਸਿੰਘ ਨੇ ਕਹੇ। ਜ਼ਿਕਰਯੋਗ ਹੈ ਕਿ 1990 ਵਿਚ ਬਤੌਰ ਕਲਰਕ ਭਰਤੀ ਹੋਏ ਸੁਖਰਾਜ ਸਿੰਘ ਨੇ ਦੱਸਿਆ ਕਿ ਸਿੱਖ ਪੰਥ ਦੀ ਸਿਰਮੌਰ ਸੰਸਥਾ ਅਤੇ ਮਿੰਨੀ ਪਾਰਲੀਮੈਂਟ ਵਜੋਂ ਜਾਣੀਂ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆਉਂਦੇ ਵੱਖ ਵੱਖ ਗੁਰਦੁਆਰਾ ਸਾਹਿਬ ਜਿਨ੍ਹਾਂ ਵਿਚ ਸ੍ਰੀ ਆਨੰਦਪੁਰ ਸਾਹਿਬ ਬਤੌਰ ਐਡੀਸ਼ਨਲ ਮੈਨੇਜਰ, ਬਾਬਾ ਬੁੱਢਾ ਸਾਹਿਬ ਜੀ ਦੇ ਜਨਮ ਅਸਥਾਨ ਕੱਥੂਨੰਗਲ, ਬਾਬਾ ਬੁੱਢਾ ਸਾਹਿਬ ਜੀ ਸਮਾਧ ਰਾਮਦਾਸ, ਸ਼੍ਰੋਮਣੀ ਕਮੇਟੀ ਦੇ ਵੱਖ ਵੱਖ ਵਿਭਾਗਾਂ ਵਿਚ ਬਤੌਰ ਐਡੀਸ਼ਨਲ ਮੈਨੇਜਰ,ਮੀਤ ਮੈਨੇਜਰ, ਲੰਗਰ ਸ੍ਰੀ ਗੁਰੂ ਰਾਮਦਾਸ ਜੀ ਦੇ ਮੈਨੇਜਰ ਵਜੋ ਦੀਆਂ ਲਗਾਤਾਰ ਲਗਪਗ 33--- 34 ਸਾਲ ਸੇਵਾਵਾਂ ਨਿਭਾਉਣ ਉਪਰੰਤ 2023 ਵਿਚ ਸਵੈ ਇੱਛਾ ਅਨੁਸਾਰ ਅਸਤੀਫਾ ਦੇ ਦਿੱਤਾ। ਉਹਨਾਂ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੀ ਦੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਿੱਖੀ ਨੂੰ ਹਰਿਆ ਭਰਿਆ ਅਤੇ ਪ੍ਰਫੁੱਲਿਤ ਕਰਨ ਲਈ ਪਾਏ ਯੋਗਦਾਨ ਨੂੰ ਸੁਨਿਹਰੀ ਅੱਖਰਾਂ ਵਿਚ ਲਿਖਿਆ ਜਾਵੇਗਾ ਐਸੇ ਦਰਵੇਸ਼,ਵਿਦਿਆ ਮਾਰਤੰਡ ਇਨਸਾਨ ਹਜ਼ਾਰਾਂ ਸਾਲ ਬਾਅਦ ਕਿਤੇ ਵਿਰਲੇ ਟਾਂਵੇਂ ਹੀ ਪੈਦਾ ਹੁੰਦੇ ਹਨ।ਓਹਨਾ ਵਿਛੜ ਚੁੱਕੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ।

# ਵੈਸਟਰਨ ਆਸਟਰੇਲੀਆ ਵਿਚ ਪਰਥ ਪਹੁੰਚਣ ਤੇ ਸੰਗਤਾਂ ਵੱਲੋਂ ਸੰਤ ਬਾਬਾ ਸੁੱਖਾ ਸਿੰਘ ਜੀ ਦੇ ਸਵਾਗਤ

ਫਤਿਹ ਟਾਈਮਜ਼



ਚੋਹਲਾ ਸਾਹਿਬ 12 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਇਹਨੀਂ ਦਿਨੀਂ ਆਸਟਰੇਲੀਆ ਦੀਆਂ ਸੰਗਤਾਂ ਵਿਚ ਗੁਰਮਤਿ ਪ੍ਰਚਾਰ ਫੇਰੀ ਤੇ ਹਨ ਅਤੇ ਅੱਜ ਪੱਛਮੀ ਆਸਟ੍ਰੇਲੀਆ ਵਿਚ ਪਰਥ ਸ਼ਹਿਰ ਦੀਆਂ ਸੰਗਤਾਂ ਵਿੱਚ ਪਹੁੰਚੇ। ਪਰਥ ਦੀਆਂ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਨਾਲ ਮਹਾਪੁਰਖਾਂ ਦਾ ਸਵਾਗਤ ਕੀਤਾ। ਸੁਖਦਿਆਲ ਸਿੰਘ, ਹਰਮਨਪ੍ਰੀਤ ਸਿੰਘ, ਖੁਸ਼ਪ੍ਰੀਤ ਸਿੰਘ, ਪ੍ਰਸੰਨਜੀਤ ਸਿੰਘ, ਤਲਵਿੰਦਰ ਸਿੰਘ, ਜਗਵਿੰਦਰ ਸਿੰਘ, ਤਲਵਿੰਦਰ ਸਿੰਘ, ਦਲਜੀਤ ਸਿੰਘ ਖਹਿਰਾ, ਹਰਪ੍ਰੀਤ ਸਿੰਘ ਬੁਰਜ, ਨਛੱਤਰ ਸਿੰਘ ਅਤੇ ਹੋਰ ਕਈ ਗੁਰਸਿੱਖ ਹਾਜ਼ਰ ਸਨ। ਇਸ ਮੌਕੇ ਸ. ਸੁਖਦਿਆਲ ਸਿੰਘ ਜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ, ਪਿਛਲੇ ਮਹੀਨੇ ਤੋਂ ਸੇਵਾ ਦੇ ਪੁੰਜ ਮਹਾਂਪੁਰਖ ਸੰਤ ਬਾਬਾ ਸੁੱਖਾ ਸਿੰਘ ਜੀ ਪੂਰਬੀ ਅਤੇ ਦੱਖਣੀ ਆਸਟ੍ਰੇਲੀਆ ਦੇ ਕਈ ਸ਼ਹਿਰਾਂ (ਮੈਲਬੌਰਨ, ਸਿਡਨੀ, ਟਾਰਨੇਟ ਆਦਿ) ਵਿਚ ਲਗਾਤਾਰ ਸਿੱਖ ਸੰਗਤਾਂ ਨੂੰ ਸੇਵਾ ਸਿਮਰਨ ਨਾਲ ਜੋੜਣ ਦਾ ਉਪਰਾਲਾ ਕਰ ਰਹੇ ਸਨ।ਸਾਡੇ ਵੱਡੇ ਭਾਗ ਹਨ, ਜੋ ਬਾਬਾ ਜੀ ਅੱਜ ਵੈਸਟਰਨ ਆਸਟ੍ਰੇਲੀਆ ਦੇ ਸ਼ਹਿਰ ਪਰਥ ਵਿਖ਼ੇ ਪਹੁੰਚੇ ਹਨ, ਅਸੀਂ ਸਮੂਹ ਸੰਗਤ ਵੱਲੋਂ ਆਪ ਜੀ ਦਾ ਸਵਾਗਤ ਕਰਦੇ ਹਾਂ। ਬਾਬਾ ਜੀ ਵੱਲੋਂ ਗੁਰਮਤਿ ਪ੍ਰਚਾਰ ਫੇਰੀ ਰਾਹੀਂ ਸੰਗਤਾਂ ਨੂੰ ਸੇਵਾ ਸਿਮਰਨ ਨਾਲ ਜੋੜਣ ਦਾ ਵੱਡਾ ਉਪਰਾਲਾ ਕੀਤਾ ਗਿਆ ਹੈ। ਆਪ ਜੀ ਲੋਕ ਸੇਵਾ ਦੇ ਖੇਤਰ ਵਿਚ ਮਾਨਵਤਾ ਦੀ ਭਲਾਈ ਹਿੱਤ ਕਈ ਵੱਡੇ ਸੇਵਾ ਕਾਰਜ ਕੀਤੇ ਹਨ। ਸਾਲ 2023 ਦੇ ਪੰਜਾਬ ਦੇ ਹੜ੍ਹਾਂ ਵਿਚ ਕੀਤੀਆਂ ਗਈਆਂ ਸੇਵਾਵਾਂ ਆਪਣੀ ਮਿਸਾਲ ਆਪ ਹਨ। ਅਗਲੇ ਕੁਝ ਦਿਨਾਂ ਤਕ ਬਾਬਾ ਜੀ ਪਰਥ ਵਿਚ ਸਥਿਤ ਗੁਰਦੁਆਰਿਆਂ ਅਤੇ ਸੰਗਤਾਂ ਦੇ ਘਰਾਂ ਵਿਚ ਗੁਰਮਤਿ ਸਮਾਗਮਾਂ ਰਾਹੀਂ ਸੰਗਤਾਂ ਵਿਚ ਸੇਵਾ, ਸਿਮਰਨ ਅਤੇ ਗੁਰਮਤਿ ਗਿਆਨ ਦਾ ਪਰਵਾਹ ਜਾਰੀ ਰੱਖਣਗੇ।


FT
ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼ CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

ਮੋ; 99885-37575